30

# ਕੰਧਾਂ ਢਹਿਣਾ !

## (10:1-11:18)

ਦੂਜੀ ਸੰਸਾਰ ਜੰਗ ਦੇ ਬਾਅਦ, ਬਰਲਿਨ ਪੂਰਬੀ ਅਤੇ ਪੱਛਮੀ, ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। 1961 ਵਿਚ ਕਾਮਰੇਡਾਂ ਨੇ ਪੂਰਬੀ ਬਰਲਿਨ ਛੱਡਣ ਵਾਲਿਆਂ ਨੂੰ ਦੂਰ ਰੱਖਣ ਲਈ ਬਰਲਿਨ ਦੀ ਮਸ਼ਹੂਰ ਕੰਧ ਖੜੀ ਕਰ ਦਿੱਤੀ। ਕਈ ਸਾਲਾਂ ਤਕ, ਬਹੁਤ ਸਾਰੇ ਲੋਕ ਉਸ ਕੰਧ ਨੂੰ ਟੱਪਣ ਦੀ ਕੋਸ਼ਿਸ਼ ਕਰਦੇ ਰਹੇ ਜਿਸ ਕਰਕੇ ਇਸ ਕੋਸ਼ਿਸ਼ ਵਿਚ 170 ਤੋਂ ਵੱਧ ਲੋਕਾਂ ਦੀ ਜਾਨ ਚਲੀ ਗਈ। ਮੈਨੂੰ ਉਮੀਦ ਸੀ ਕਿ ਮੇਰੇ ਮਰਨ ਤਕ ਇਹ ਕੰਧ ਖੜੀ ਹੀ ਰਹੇਗੀ, ਜਿਸ ਕਰਕੇ ਨਵੰਬਰ 1989 ਵਿਚ ਇਹ ਆਉਣ ਤੇ ਕਿ ਬਰਲਿਨ ਦੀ ਕੰਧ ਢਾਹ ਦਿੱਤੀ ਗਈ ਹੈ ਮੈਂ ਦੰਗ ਰਹਿ ਗਿਆ ਸਾਂ! ਟੈਲੀਵਿਜ਼ਨ ਤੇ ਜਸ਼ਨ ਮਨਾਉਂਦੇ ਲੋਕਾਂ ਦੀ ਭੀੜ ਅਤੇ ਕੰਧ ਤੋੜਦਿਆਂ ਲੋਕਾਂ ਦਾ ਦ੍ਰਿਸ਼ ਮੇਰੀਆਂ ਦਿਲੋ-ਦਿਮਾਗ਼ ਵਿਚ ਅਜੇ ਵੀ ਤਾਜ਼ਾ ਹਨ।

ਉਹ ਘਟਨਾ ਇਤਿਹਾਸ ਕਾਇਮ ਕਰਨ ਵਾਲੀ ਸੀ, ਓਸੇ ਤਰ੍ਹਾਂ ਨਵਾਂ ਨੇਮ ਸਾਨੂੰ ਉਸ ਤੋਂ ਵਧ ਕੇ ਹੈਰਾਨ ਕਰਨ ਵਾਲੇ ਦਿਨ ਬਾਰੇ ਦੱਸਦਾ ਹੈ, ਜਦ ਯਹੂਦੀਆਂ ਅਤੇ ਪਰਾਈਆਂ ਕੌਮਾਂ ਦੇ ਵਿਚਕਾਰ ਦੀ ਕੰਧ ਢਹਿ ਗਈ ਸੀ। ਪੌਲੁਸ ਨੇ ਉਸ ਘਟਨਾ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ:

> ਇਸ ਲਈ ਚੇਤੇ ਕਰੋ ਭਈ ਅੱਗੇ ਤੁਸੀਂ ਸਰੀਰ ਦੇ ਸਰਬੰਧ ਕਰਕੇ ਪਰਾਈਆਂ ਕੌਮਾਂ ਦੇ ਲੋਕ ਸਾਓ ਅਤੇ ... ਅਸੁੰਨਤੀ ... ਸਾਓ, ਨਾਲੇ ਤੁਸੀਂ ਉਸ ਸਮੇਂ ਮਸੀਹ ਤੋਂ ਅੱਡ, ਇਸਰਾਏਲ ਦੀ ਪਾਤਸ਼ਾਹੀ ਤੋਂ ਨਿਆਰੇ ਕੀਤੇ ਹੋਏ, ਵਚਨ ਦੇ ਨੇਮਾਂ ਤੋਂ ... ਰਹਿਤ ਸਾਓ। ਪਰ ਹੁਣ ਮਸੀਹ ਯਿਸੂ ਵਿਚ ਤੁਸੀਂ [ਪਰਾਈਆਂ ਕੌਮਾਂ] ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ। ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ [ਯਹੂਦੀਆਂ ਅਤੇ ਪਰਾਈਆਂ ਕੌਮਾਂ] ਨੂੰ ਇਕ ਕੀਤਾ *ਅਤੇ ਆਪਣੇ ਸਰੀਰ ਵਿਚ ਵੈਰ ਵਿਰੋਧ ਵਾਲੀ ਜੁਦਾਈ ਦੀ ਕੰਧ ਨੂੰ ਢਾਹ ਦਿੱਤਾ*। ਅਤੇ ਸ਼ਰ੍ਹਾ ਨੂੰ ਬਿਧੀਆਂ ਅਤੇ ਕਨੂੰਨਾਂ ਸਣੇ ਅਕਾਰਥ ਕਰ ਦਿੱਤਾ ਤਾਂ ਜੋ ਦੋਹਾਂ [ਭਾਵ ਯਹੂਦੀਆਂ ਅਤੇ ਯੂਨਾਨੀਆਂ] ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ। ਅਤੇ ਸਲੀਬ ਦੇ ਰਾਹੀਂ ਵੈਰ ਵਿਰੋਧ ਦਾ ਕੁੱਠਾ ਕਰ ਕੇ ਉਸੇ ਨਾਲ ਦੋਹਾਂ ਨੂੰ ਇਕ ਸਰੀਰ [ਭਾਵ ਕਲੀਸੀਆ[1]] ਬਣਾ ਕੇ ਪ੍ਰਮੇਸ਼ਵਰ ਨਾਲ ਮਿਲਾਵੇ ... । ਸੋ ਹੁਣ ਤੋਂ ਤੁਸੀਂ [ਪਰਾਈਆਂ ਕੌਮਾਂ] ਓਪਰੇ ਅਤੇ ਪਰਦੇਸੀ ਨਹੀਂ ਸਗੋਂ ਸੰਤਾਂ ਦੇ ਵਤਨੀ ਅਤੇ ਪ੍ਰਮੇਸ਼ਵਰ ਦੇ ਘਰਾਣੇ [ਪਰਿਵਾਰ] ਦੇ ਹੋ (ਅਫ਼ਸੀਆਂ 2:11-19)।

ਯਹੂਦੀਆਂ ਅਤੇ ਪਰਾਈਆਂ ਕੌਮਾਂ ''ਵਿਚਕਾਰ ਕੰਧ'' ''ਵਿਧੀਆਂ ਅਤੇ ਕਨੂੰਨਾਂ ਸਣੇ'' ਉਹ ਸ਼ਰ੍ਹਾ ਭਾਵ ਪੁਰਾਣਾ ਨੇਮ ਸੀ। ਖ਼ੁਦਾ ਨੇ ਯਹੂਦੀਆਂ ਨਾਲ ਇਕ ਖ਼ਾਸ ਨੇਮ ਬੰਨ੍ਹਿਆ ਸੀ ਅਤੇ ਸੰਸਾਰ ਵਿਚ ਮਸੀਹ ਨੂੰ ਲਿਆਉਣ ਲਈ ਉਹਦੀ ਯੋਜਨਾ ਦੇ ਇਕ ਭਾਗ ਦੇ ਰੂਪ ਵਿਚ ਉਨ੍ਹਾਂ ਨੂੰ ਮੂਸਾ ਦੀ ਸ਼ਰ੍ਹਾ ਦਿੱਤੀ ਸੀ (ਗਲਾਤੀਆਂ 3:16, 19, 24, 25)। ਗੈਰ ਕੌਮਾਂ ਨੂੰ ਉਸ ਨੇਮ ਵਿਚ ਸ਼ਾਮਲ ਨਹੀਂ ਕੀਤਾ ਗਿਆ ਸੀ,[2] ਕਿਉਂਕਿ ਉਨ੍ਹਾਂ ਅਤੇ ਯਹੂਦੀਆਂ ਵਿਚਕਾਰ ਸ਼ਰ੍ਹਾ ਇਕ ਬਹੁਤ ਵੱਡੀ ਦੀਵਾਰ ਸੀ। ਯਿਸੂ ਉਸ ਦੀਵਾਰ ਨੂੰ ਢਾਹੁਣ ਲਈ ਆਇਆ ਸੀ। ਸਲੀਬ ਉੱਤੇ ਮਰ ਕੇ ਉਹਨੇ ''ਹਰੇਕ ਮਨੁੱਖ ਲਈ ਮੌਤ ਦਾ ਸੁਆਦ'' ਚੱਖਿਆ, ਯਹੂਦੀ ਅਤੇ ਗੈਰ ਕੌਮ ਸਭ ਲਈ (ਇਬਰਾਨੀਆਂ 2:9)। ਸ਼ਰ੍ਹਾ ਦੀ ''ਵਿਚਕਾਰ ਦੀ ਕੰਧ'' ਨੂੰ ਯਿਸੂ ਦੀ ਮੌਤ ਸਮੇਂ ਸਿਧਾਂਤਕ ਤੌਰ ਵਿਚ ''ਮਿਟਾ ਦਿੱਤਾ'' ਗਿਆ!

ਭਾਵੇਂ ਯਹੂਦੀਆਂ ਅਤੇ ਗੈਰ ਕੌਮਾਂ ਵਿਚਲੀ ਕੰਧ *ਸਿਧਾਂਤਕ ਰੂਪ ਵਿਚ* ਕਲਵਰੀ ਤੇ ਢਠੀ ਸੀ ਅਤੇ *ਅਸਲੀ ਰੂਪ ਵਿਚ* ਕੈਸਰੀਆ ਵਿਚ। ਦੂਜੇ ਪਾਸੇ ਰੂਹਾਨੀ ਤੌਰ ਤੇ, ਲੂਕਾ 23 ਵਿਚ ਉਹ ਕੰਧ *ਖ਼ੁਦਾ* ਦੇ ਦਿਮਾਗ ਵਿਚ ਤਾਂ ਢਠ ਗਈ ਸੀ,[3] ਪਰ *ਲੋਕਾਂ* ਦੇ ਮਨ ਵਿਚ ਇਹ ਰਸੂਲਾਂ ਦੇ ਕੰਮ 10 ਅਧਿਆਇ ਤਕ ਨਹੀਂ ਢਠੀ ਸੀ।

ਮੁਸ਼ਕਲ ਦਾ ਦੂਜਾ ਪਾਸਾ ਇਹ ਸੀ ਕਿ ''ਵਿਚਕਾਰ ਦੀ ਕੰਧ'' ਵਿਚ ਯਹੂਦੀਆਂ ਨੇ ਆਪਣੀਆਂ ਕਿਲਾਬੰਦੀਆਂ ਜੋੜ ਦਿੱਤੀਆਂ ਸਨ। ਸ਼ਰ੍ਹਾ ਨੇ ਉਨ੍ਹਾਂ ਨੂੰ ਸਿਖਾਇਆ ਸੀ ਕਿ ਉਹ ਖ਼ੁਦਾ ਦੇ ਚੁਣੇ ਹੋਏ ਲੋਕ ਸਨ ਪਰ ਉਨ੍ਹਾਂ ਨੇ ਇਹਦਾ ਅਰਥ ਇਹ ਕੱਢਿਆ ਕਿ ਉਹ ਪਰਾਈਆਂ ਕੌਮਾਂ ਨਾਲੋਂ *ਉੱਤਮ* ਹਨ। ਸ਼ਰ੍ਹਾ ਨੇ ਉਨ੍ਹਾਂ ਨੂੰ ਵੱਖਰੇ ਹੋਣ ਲਈ ਸਿਖਾਇਆ ਸੀ ਅਤੇ ਉਨ੍ਹਾਂ ਨੇ ਵੱਖਰੇ ਹੋਣ ਦਾ ਫ਼ੈਸਲਾ ਲੈ ਕੇ ਇਹ ਅਰਥ ਕੱਢਿਆ ਕਿ ਉਨ੍ਹਾਂ ਨੂੰ ਦੂਜਿਆਂ ਨੂੰ *ਘਟੀਆ* ਸਮਝਣਾ ਚਾਹੀਦਾ ਹੈ।[4] ਕਈ ਤਰ੍ਹਾਂ ਨਾਲ, ਇਨਸਾਨ ਨੇ ਘਮੰਡ, ਮੁਤਅਸਬਕ, ਮਰਿਆਦਾ ਦੀਆਂ ਕੰਧਾਂ ਖੜੀਆਂ ਕਰ ਦਿੱਤੀਆਂ ਸਨ, ਜੋ ਖ਼ੁਦਾ ਵੱਲੋਂ ਖੜੀ ਕੀਤੀ ਕੰਧ ਨਾਲੋਂ ਕਿਤੇ ਵੱਧ ਸਖ਼ਤ ਅਤੇ ਔਖੀਆਂ ਸਨ। ਰਸੂਲਾਂ ਦੇ ਕੰਮ 10 ਅਧਿਆਇ ਵਿਚ ਪਤਾ ਲਗਦਾ ਹੈ ਕਿ ਖ਼ੁਦਾ ਨੇ ਕਿਵੇਂ ਮੁਢਲੀ ਕਲੀਸੀਆ ਵਿਚ ਇਨ੍ਹਾਂ ਕੰਧਾਂ ਨੂੰ ਢਾਹੁਣਾ ਸ਼ੁਰੂ ਕੀਤਾ ਸੀ।

ਆਦਤ ਮੁਤਾਬਕ ਲੂਕਾ ਨੇ ਜਦ ਕਹਾਣੀ ਫੇਰ ਤੋਂ ਦੱਸਣ ਦੀ ਤਿਆਰੀ ਕੀਤੀ, ਤਾਂ ਉਹਨੇ ਅਗਲੀ ਵਾਰ ਦੱਸਣ ਲਈ ਕੁਝ ਮਹੱਤਵਪੂਰਣ ਗੱਲਾਂ ਨੂੰ ਰੱਖ ਛੱਡਿਆ। ਇਸ ਲਈ ਮੈਂ ਰਸੂਲਾਂ ਦੇ ਕੰਮ 10 ਅਧਿਆਇ ਦੇ ਆਪਣੇ ਅਧਿਐਨ ਨੂੰ ਰਸੂਲਾਂ ਦੇ ਕੰਮ 11 ਦੇ ਵਿਰਤਾਤਾਂ ਦੇ ਨਾਲ ਹੀ ਪੂਰਾ ਕਰਾਂਗਾ। ਇਨ੍ਹਾਂ ਅਧਿਆਇਆਂ ਦਾ ਅਧਿਐਨ ਕਰਦਿਆਂ, ਆਓ ਸਿੱਖੀਏ ਕਿ ਲੋਕਾਂ ਦਰਮਿਆਨ ਬਣੀਆਂ ਕੰਧਾਂ ਨੂੰ ਅੱਜ ਕਿਵੇਂ ਢਾਹਿਆ ਜਾ ਸਕਦਾ ਹੈ।

## ਖ਼ੁਦਾ ਦਾ ਪਹਿਲਾ ਕਦਮ: ਪਰਾਈਆਂ ਕੌਮਾਂ ਨੂੰ ਤਿਆਰ ਕਰਨਾ (10:1-8, 22, 30-32; 11:13, 14)

ਦੋ ਜਣਿਆਂ ਨੂੰ ਮਿਲਾਉਣ ਦੀ ਕੋਸ਼ਸ਼ ਵਿਚ, ਪਹਿਲਾਂ ਉਨ੍ਹਾਂ ਨਾਲ ਨਿੱਜੀ ਤੌਰ ਤੇ ਗੱਲਬਾਤ ਕਰਨਾ ਵਧੀਆ ਖਿਆਲ ਹੈ ਅਤੇ ਆਮ ਤੌਰ ਤੇ ਇਹ ਹੋਰ ਵੀ ਚੰਗਾ ਹੁੰਦਾ ਹੈ ਕਿ ਜੋ ਬੰਦਾ ਮੇਲ ਕਰਨ ਦਾ ਚਾਹਵਾਨ ਹੋਵੇ, ਉਹਦੇ ਨਾਲ ਪਹਿਲਾਂ ਗੱਲ ਕੀਤੀ ਜਾਵੇ। ਇਸ ਲਈ ਖ਼ੁਦਾ ਨੇ ਪਹਿਲਾਂ ਪਰਾਈਆਂ ਕੌਮਾਂ ਤਕ ਪਹੁੰਚ ਬਣਾਈ।

ਅਸੀਂ ਪੜ੍ਹਦੇ ਹਾਂ, ''ਕੈਸਰੀਆ ਵਿਚ ਕੁਰਨੇਲਿਉਸ ਕਰਕੇ ਇਕ ਮਨੁੱਖ ਸੀ ਜਿਹੜਾ

ਇਤਾਲਿਆਨੀ ਨਾਮੇ ਇਕ ਪਲਟਣ ਦਾ ਸੂਬੇਦਾਰ ਸੀ'' (10:1)। ਯਹੂਦੀਆਂ ਦੀ ਨਜ਼ਰ ਵਿਚ ਯਰੂਸ਼ਲਮ ਫ਼ਲਸਤੀਨ ਦਾ ਬੇਹੱਦ ਅਹਿਮ ਸ਼ਹਿਰ ਸੀ, ਜਦ ਕਿ ਰੋਮੀਆਂ ਦੀ ਨਜ਼ਰ ਵਿਚ ਕੈਸਰੀਆ। ਇਹ ਫ਼ਲਸਤੀਨ ਉੱਤੇ[5] ਹਕੂਮਤ ਚਲਾਉਣ ਲਈ ਰੋਮੀ ਰਾਜਪਾਲ ਅਤੇ ਰੋਮੀ ਫ਼ੌਜ ਦਾ ਮੁੱਖ ਦਫ਼ਤਰ ਸੀ। ਇਸ ਨੂੰ ਹੈਰੋਦੇਸ ਮਹਾਨ ਨੇ ਦੁਬਾਰਾ ਬਣਵਾਇਆ ਸੀ ਅਤੇ ਇਹਦਾ ਨਾਂਅ ਅਗਸਤੁਸ ਕੈਸਰ ਦੇ ਨਾਂਅ ਤੇ ਰੱਖਿਆ ਗਿਆ ਸੀ। ਇਸ ਖ਼ੂਬਸੂਰਤ ਸ਼ਹਿਰ ਵਿਚ ਸੰਗਮਰਮਰ ਦੀਆਂ ਗਲੀਆਂ ਅਤੇ ਇਮਾਰਤਾਂ ਆਮ ਸਨ। ਪਰ ਖ਼ੁਦਾ ਦੀ ਦਿਲਚਸਪੀ ਸੰਗਮਰਮਰ ਵਿਚ ਨਹੀਂ ਸਗੋਂ ਇਕ ਆਦਮੀ ਵਿਚ ਸੀ ਜਿਸ ਦਾ ਨਾਂਅ ਕੁਰਨੇਲਿਉਸ ਸੀ।

ਪਹਿਲੀ ਨਜ਼ਰੇ, ਅਜਿਹਾ ਨਹੀਂ ਲਗਦਾ ਸੀ ਕਿ ਕੁਰਨੇਲਿਉਸ ਮਨਬਦਲੀ ਕਰਨ ਵਾਲਿਆਂ ਵਿੱਚੋਂ ਪਹਿਲਾ ਗੈਰ ਯਹੂਦੀ ਹੋਵੇਗਾ। ਉਹ ਇਕ ਫ਼ੌਜੀ ਸੀ ਅਤੇ ਫ਼ੋਜੀ ਰੂਹਾਨੀ ਗੱਲਾਂ ਵਿਚ ਦਿਲਚਸਪੀ ਲਈ ਨਹੀਂ ਜਾਣੇ ਜਾਂਦੇ। ਕੁਰਨੇਲਿਉਸ ''ਇਤਾਲਿਆਨੀ ਨਾਮੇ ਇਕ ਪਲਟਨ ਦਾ ਸੂਬੇਦਾਰ ਸੀ।'' ''ਪਲਟਨ'' ਛੇ ਸੌ ਤੋਂ ਇਕ ਹਜ਼ਾਰ ਬੰਦਿਆਂ ਦੀ ਫ਼ੌਜ ਦੀ ਟੁਕੜੀ ਨੂੰ ਕਿਹਾ ਜਾਂਦਾ ਸੀ।[6] ''ਇਤਾਲਆਨੀ ਪਲਟਨ'' ਤੋਂ ਸੰਕੇਤ ਮਿਲਦਾ ਹੈ ਕਿ ਇਸ ਖ਼ਾਸ ਟੁਕੜੀ ਦੀ ਭਰਤੀ ਇਟਲੀ ਵਿਚ ਕੀਤੀ ਗਈ ਸੀ ਅਤੇ ਇਸ ਵਿਚ ਮੁੱਖ ਤੌਰ ਤੇ ਇਟਲੀ ਦੇ ਲੋਕ ਹੀ ਸਨ।[7] ਕੁਰਨੇਲਿਉਸ ਦੇ ਇਤਾਲਆਨੀ ਨਾਂਅ[8] ਤੋਂ ਸੁਝਾਅ ਮਿਲਦਾ ਹੈ ਕਿ ਉਹ ਵੀ, ਇਟਲੀ ਦਾ ਹੀ ਸੀ। ''ਸੂਬੇਦਾਰ'' ਹੋਣ ਕਰਕੇ ਇਕ ਸੌ ਫ਼ੌਜੀ ਉਹਦੇ ਅਧੀਨ ਸਨ।[9]

ਰੋਮੀ ਸਿਪਾਹੀ ਹੋਣ ਦੇ ਬਾਵਜੂਦ, ਕੁਰਨੇਲਿਉਸ ਇਕ *ਭਲਾ ਆਦਮੀ* ਸੀ। ਕਈ ਵਾਰ ਚਿੱਕੜ ਵਿਚ ਕਮਲ ਖਿੜਨ ਵਾਂਗ ਬਦਨਾਮ ਥਾਵਾਂ ਤੇ ਚੰਗੇ ਲੋਕ ਮਿਲ ਜਾਂਦੇ ਹਨ। ਅਸਲ 'ਚ, ਉਹ ਬਹੁਤ ਹੀ ਭਲਾ ਆਦਮੀ ਸੀ। 10:2 ਵਿਚ ਅਸੀਂ ਪੜ੍ਹਦੇ ਹਾਂ ਕਿ ''ਉਹ ਧਰਮੀ ਲੋਕ ਅਤੇ ਆਪਣੇ ਸਾਰੇ ਟੱਬਰ ਸਣੇ ਪ੍ਰਮੇਸ਼ਵਰ ਦਾ ਭੌ ਕਰਨ ਵਾਲਾ ਸੀ ਅਤੇ ਲੋਕਾਂ ਨੂੰ ਬਹੁਤ ਦਾਨ ਦਿੰਦਾ ਅਤੇ ਨਿੱਤ ਪ੍ਰਮੇਸ਼ਵਰ ਅੱਗੇ ਬੇਨਤੀ ਕਰਦਾ ਸੀ।'' ਬਾਅਦ ਵਿਚ, ਉਹਦੇ ਸੇਵਕਾਂ ਨੇ ਉਹਨੂੰ ''ਧਰਮੀ ਪੁਰਖ ਅਤੇ ਪ੍ਰਮੇਸ਼ਵਰ ਦਾ ਭੌ ਕਰਨ ਵਾਲਾ ਅਰ ਯਹੂਦੀਆਂ ਦੀ ਸਾਰੀ ਕੌਮ ਵਿਚ ਨੇਕਨਾਮ'' ਦੱਸਿਆ (10:22)। ਇਹ ਰੋਮੀ ਅਧਿਕਾਰੀ ਮੂਰਤੀਪੂਜਕਾਂ ਦੇ ਧਰਮਾਂ ਦੇ ਖਾਲੀਪਣ ਤੋਂ ਅੱਕ ਚੁੱਕਿਆ ਸੀ ਅਤੇ ਸੱਚੇ ਰੱਬ ਵਿਚ ਵਿਸ਼ਵਾਸ ਵੱਲ ਪਰਤ ਆਇਆ ਸੀ। ਉਹ ''ਪ੍ਰਮੇਸ਼ਵਰ ਦਾ ਭੌ ਕਰਨ ਵਾਲਾ''[10] ਇਕ ਗੈਰ ਕੌਮ ਸੀ ਜੋ ਯਹੋਵਾਹ ਵਿਚ ਵਿਸ਼ਵਾਸ ਰੱਖਦਾ ਸੀ, ਸ਼ਰ੍ਹਾ ਦੇ ਨੈਤਿਕ ਅਤੇ ਮਨੁੱਖੀ ਮਾਪਦੰਡਾਂ ਨੂੰ ਮੰਨਦਾ ਸੀ, ਪਰ ਯਹੂਦੀ ਮੁਰੀਦ ਬਣਨ (ਧਰਮ ਕਬੂਲ ਕਰਨ) ਲਈ ਉਹਦੀ ਸੁੰਨਤ ਨਹੀਂ ਹੋਈ ਸੀ।[11]

ਇਕ ਦਿਨ ਕੁਰਨੇਲਿਉਸ ਦੁਆ ਕਰ ਰਿਹਾ ਸੀ।[12] ਸ਼ਾਮ ਦੇ 3 ਵੱਜੇ ਸਨ, ਯਹੂਦੀਆਂ ਦਾ ''ਪ੍ਰਾਰਥਨਾ ਦਾ ਸਮਾਂ'' ਸੀ।[13] ਅਚਾਨਕ, ''ਇਕ ਪੁਰਖ ਭੜਕੀਲੇ ਵਸਤਰ ਪਹਿਨੀ (ਉਹਦੇ) ਸਾਹਮਣੇ ਖੜ੍ਹਾ ਸੀ'' (10:30)!

> ਉਹਨੇ ਦਿਨ ਦੇ ਤੀਏ ਕੁ ਪਹਿਰ[14] ਦਰਸ਼ਣ ਪਾ ਕੇ ਸਾਫ਼ ਵੇਖਿਆ[15] ਭਈ ਪ੍ਰਮੇਸ਼ਵਰ ਦਾ ਇਕ ਦੂਤ ਉਹਦੇ ਕੋਲ ਅੰਦਰ ਆਇਆ ਅਤੇ ਉਹਨੂੰ ਆਖਿਆ, ਹੇ ਕੁਰਨੇਲਿਉਸ! ਉਹਨੇ ਉਸਦੀ ਵੱਲ ਧਿਆਨ ਕਰ ਕੇ ਵੇਖਿਆ ਅਤੇ ਡਰ ਕੇ[16] ਕਿਹਾ, ਪ੍ਰਭੂ ਜੀ, ਕੀ ਹੈ?[17] ਉਸ ਨੇ ਉਹ ਨੂੰ ਆਖਿਆ, ਤੇਰੀਆਂ ਪ੍ਰਾਰਥਨਾਵਾਂ ਅਤੇ ਤੇਰੇ ਦਾਨ ਯਾਦਗੀਰੀ ਦੇ ਲਈ ਪ੍ਰਮੇਸ਼ਵਰ ਦੇ ਹਜ਼ੂਰ ਪਹੁੰਚੇ ਹਨ (10:3, 4)।

ਕਿਸੇ ਕੁਰਬਾਨੀ ਦੇ ਉੱਠਦੇ ਧੂੰਏਂ ਵਾਂਗ ਕੁਰਨੇਲਿਉਸ ਦੀਆਂ ਦੁਆਵਾਂ ਅਤੇ ਕੰਮ ਖ਼ੁਦਾ ਦੀ ਹਜ਼ੂਰੀ ਵਿਚ ਪਹੁੰਚੇ ਸਨ।[18] ਬਾਅਦ ਵਿਚ, ਕੁਰਨੇਲਿਉਸ ਨੇ ਧਿਆਨ ਦਿੱਤਾ ਕਿ ਫ਼ਰਿਸ਼ਤੇ ਨੇ ਇਹ ਵੀ ਜੋੜਿਆ ਸੀ, ''ਹੇ ਕੁਰਨੇਲਿਉਸ ਤੇਰੀ ਪ੍ਰਾਰਥਨਾ ਸੁਣੀ ਗਈ ਅਤੇ ਤੇਰੇ ਦਾਨ ਪ੍ਰਮੇਸ਼ਵਰ ਦੀ ਦਰਗਾਹੇ ਯਾਦ ਹੋਏ'' ਹਨ (ਆਇਤ 31)।

ਕਦੇ-ਕਦੇ ਇਹ ਸਵਾਲ ਪੁੱਛਿਆ ਜਾਂਦਾ ਹੈ, ''ਭਲਾ ਖ਼ੁਦਾ ਅਜਿਹੇ ਆਦਮੀ ਦੀ ਦੁਆ ਸੁਣਦਾ ਹੈ ਜੋ ਮਸੀਹੀ ਨਹੀਂ ਹੈ?'' ਯੂਹੰਨਾ 9:31 ਨੂੰ ਦੁਹਰਾਉਣਾ ਕਿ ''ਅਸੀਂ ਤਾਂ ਜਾਣਦੇ ਹਾਂ ਕਿ ਪ੍ਰਮੇਸ਼ਵਰ ਪਾਪੀਆਂ ਦੀ ਨਹੀਂ ਸੁਣਦਾ''[19] ਅਤੇ ਸਹਿਜਤਾ ਨਾਲ ਜਵਾਬ ਦੇਣਾ ਚੰਗਾ ਲਗਦਾ ਹੈ ਕਿ ''ਨਹੀਂ।'' ਖ਼ੁਦਾ ਨੇ ਕੁਰਨੇਲਿਉਸ ਦੀ ਦੁਆ ਸੁਣੀ, ਇਸ ਲਈ ਵਧੀਆ ਜਵਾਬ ਇਹੀ ਹੋ ਸਕਦਾ ਹੈ ਕਿ ''ਇਹ ਇਸ ਤੇ ਨਿਰਭਰ ਕਰਦਾ ਹੈ ਕਿ ਉਹਦਾ ਜੀਵਨ ਕਿਹੋ ਜਿਹਾ ਹੈ ਅਤੇ ਉਹ ਦੁਆ ਕੀ ਕਰ ਰਿਹਾ ਹੈ।'' ਜੇ ਉਹ ਕੁਰਨੇਲਿਉਸ ਵਰਗਾ ਹੀ ਕੋਈ ਬੰਦਾ ਹੈ ਜੋ ਖ਼ੁਦਾ ਨੂੰ ਜਾਣਨ ਦੀ ਖੋਜ ਕਰ ਰਿਹਾ ਹੈ, ਤਾਂ ਦੁਆ ਰਾਹੀਂ ਖ਼ੁਦਾ ਦੀ ਮੌਜੂਦਗੀ ਕਬੂਲ ਕਰਨ ਨਾਲ ਦੁੱਖ ਨਹੀਂ ਸਗੋਂ ਮਦਦ ਹੀ ਮਿਲ ਸਕਦੀ ਹੈ।[20] ਜਦ ਤਕ ਇਹ ਸਮਝਿਆ ਜਾਵੇ ਕਿ ਗਿਆਨ *ਪ੍ਰਮੇਸ਼ਵਰ ਦੇ ਵਚਨ ਤੋਂ* ਮਿਲਦਾ ਹੈ (11:14)। ਦੂਜੇ ਪਾਸੇ, ਜੇ ਕੋਈ ਆਦਮੀ ਇੰਜੀਲ ਦੀ ਗੱਲ ਮੰਨਣ ਤੋਂ ਹਟ ਕੇ ਬਚਾਏ ਜਾਣ ਲਈ ਦੁਆ ਕਰਦਾ ਹੈ, ਤਾਂ ਖ਼ੁਦਾ *ਉਸ* ਦੁਆ ਨੂੰ[21] ਨਾ ਤਾਂ ਸੁਣ ਸਕਦਾ ਹੈ ਅਤੇ ਨਾ ਹੀ ਸੁਣੇਗਾ![22]

ਇਸ ਵਾਕ ਦੇ ਬਾਅਦ ਕਿ ਖ਼ੁਦਾ ਨੇ ਕੁਰਨੇਲਿਉਸ ਦੀ ਦੁਆ ਸੁਣ ਲਈ, ਫ਼ਰਿਸ਼ਤੇ ਨੇ ਸੂਬੇਦਾਰ ਨੂੰ ਹਦਾਇਤ ਕੀਤੀ: ''ਅਤੇ ਹੁਣ ਯੱਪਾ ਨੂੰ ਮਨੁੱਖ ਭੇਜ ਕੇ ਉਸ ਸ਼ਮਊਨ ਨੂੰ ਜਿਹੜਾ ਪਤਰਸ ਸੱਦੀਦਾ ਹੈ ਬੁਲਵਾ ਲੈ। ਉਹ ਕਿਸੇ ਸ਼ਮਊਨ ਖਟੀਕ ਦੇ ਉੱਤਰਿਆ ਹੋਇਆ ਹੈ ਜਿਹਦਾ ਘਰ ਸਮੁੰਦਰ ਦੇ ਕੰਢੇ ਹੈ'' (10:5, 6)।[23] 10:22 ਦੇ ਮੁਤਾਬਕ, ਪਤਰਸ ਨੂੰ ਸੱਦਣ ਦਾ ਮਕਸਦ ਇਹ ਸੀ ਕਿ ਇਹ ਫ਼ੌਜੀ ''ਉਸ ਤੋਂ ਵਚਨ ਸੁਣੇ।'' ਅਧਿਆਇ 11 ਵਿਚ ਅਸੀਂ ਵੇਖਾਂਗੇ ਕਿ ਫ਼ਰਿਸ਼ਤੇ ਨੇ ਕੁਰਨੇਲਿਉਸ ਨੂੰ ਦੱਸਿਆ ਕਿ ਕਿ ''ਉਹ ਤੈਨੂੰ ਅਜਿਹੀਆਂ ਗੱਲਾਂ ਸੁਣਾਵੇਗਾ[24] ਜਿਨ੍ਹਾਂ ਤੋਂ ਤੂੰ ਅਤੇ ਤੇਰਾ ਸਾਰਾ ਘਰ ਬਚਾਏ ਜਾਓਗੇ'' (ਆਇਤ 14)।

ਜੇ ਮੈਂ 10:2 ਵਿਚ ਦੱਸੇ ਗਏ ਗੁਣਾਂ ਵਾਲੇ ਕਿਸੇ ਆਦਮੀ ਦੇ ਜਨਾਜ਼ੇ ਤੇ ਪ੍ਰਚਾਰ ਕਰਾਂ ਅਤੇ ਇਮਾਨਦਾਰੀ ਨਾਲ ਕਹਾਂ ਕਿ ਇਕ ਫ਼ਰਿਸ਼ਤੇ ਨੂੰ ਉਸ ਨੂੰ ਇਹ ਦੱਸਣ ਲਈ ਹੁਣੇ-ਹੁਣੇ ਦਰਸ਼ਨ ਦਿੱਤਾ ਕਿ ਖ਼ੁਦਾ ਉਹਦੀਆਂ ਦੁਆਵਾਂ ਅਤੇ ਉਹਦੇ ਭਲੇ ਕੰਮਾਂ ਤੋਂ ਖੁਸ਼ ਹੋਇਆ ਹੈ ਤਾਂ ਸੁਣਨ ਵਾਲੇ ਯਕੀਨਨ ਹੀ ਕਹਿ ਉੱਠਣਗੇ, ''ਕਿੰਨਾ ਖੁਸ਼ਕਿਸਮਤ ਬੰਦਾ ਸੀ! ਇਹਨੂੰ ਜ਼ਰੂਰ ਬਹਿਸ਼ਤ (ਸਵਰਗ) ਵਿਚ ਥਾਂ ਮਿਲੀ ਹੋਵੇਗੀ,'' ਪਰ ਕੁਰਨੇਲਿਉਸ ਦੀ ਦੂਜੀ ਖ਼ਾਸੀਅਤ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੈ। ਉਹ *ਗੁਆਚਿਆ ਹੋਇਆ,* ਭਾਵ ਆਪਣੇ ਪਾਪਾਂ ਵਿਚ ਨਾਸ ਹੋਇਆ ਸੀ! ਫ਼ਰਿਸ਼ਤੇ ਦੀਆਂ ਗੱਲਾਂ ਤੇ ਧਿਆਨ ਦਿਓ, ''ਉਹ [ਪਤਰਸ] ਤੈਨੂੰ ਅਜਿਹੀਆਂ ਗੱਲਾਂ ਸੁਣਾਵੇਗਾ[25] ਜਿਨ੍ਹਾਂ ਤੋਂ ਤੂੰ ਅਤੇ ਤੇਰਾ ਸਾਰਾ ਘਰਾਣਾ ਬਚਾਏ ਜਾਵੋਗੇ।''[26]

ਜੇ ਕੁਰਨੇਲਿਉਸ ਅੱਜ-ਕੱਲ ਦੇ ਲੋਕਾਂ ਵਰਗਾ ਹੁੰਦਾ, ਤਾਂ ਫ਼ਰਿਸ਼ਤੇ ਦੀ ਗੱਲ ਤੋਂ ਕਿ ਬਚਾਏ ਜਾਣ ਲਈ ਉਹਦੇ ਲਈ ਕੀ ਕਰਨਾ ਜ਼ਰੂਰੀ ਸੀ, ਆਪਣੇ ਆਪ ਨੂੰ ਬੇਇੱਜ਼ਤ ਮਹਿਸੂਸ ਕਰਦਾ: ''ਤੈਨੂੰ ਇਹ ਹਿੰਮਤ ਕਿਵੇਂ ਹੋਈ ਕਿ ਮੈਨੂੰ ਦੱਸੇਂ ਕਿ ਮੈਂ ਗੁਅਚਿਆ ਹੋਇਆ ਹਾਂ! ਕਿਸੇ ਤੋਂ ਵੀ ਪੁੱਛ ਲੈ, ਲੋਕ ਆਪ ਤੈਨੂੰ ਦੱਸਣਗੇ ਕਿ ਮੈਂ ਕਿੰਨਾ ਚੰਗਾ ਬੰਦਾ ਹਾਂ, ਕਿੰਨਾ ਧਾਰਮਿਕ ਹਾਂ ਮੈਂ!'' ਪਰ ਇਸ ਸੂਬੇਦਾਰ ਵਿਚ ਇਕ ਹੋਰ ਖ਼ਾਸ ਗੁਣ ਸੀ, *ਹਲੀਮੀ*। ਉਹਨੇ ਆਪਣੀ ਭਲਿਆਈ ਦੀ ਕੋਈ

ਗੱਲ ਨਹੀਂ ਕੀਤੀ, ਸਗੋਂ ਫ਼ੌਰਨ ਇਕ ਸੱਚੇ ਸਿਪਾਹੀ ਵਾਂਗ ਹੁਕਮ ਦਾ ਪਾਲਨ ਕੀਤਾ:

> ਅਰ ਜਾਂ ਉਹ ਦੂਤ ਜਿਹਨੇ ਉਸ ਨਾਲ ਗੱਲਾਂ ਕੀਤੀਆਂ ਸਨ ਚਲਿਆ ਗਿਆ ਤਾਂ ਉਹਨੇ ਆਪਣੇ ਟਹਿਲੂਆਂ ਵਿੱਚੋਂ ਦੋ ਜਣੇ ਅਤੇ ਉਨ੍ਹਾਂ ਵਿੱਚੋਂ ਜਿਹੜੇ ਨਿੱਤ ਉਹ ਦੇ ਕੋਲ ਰਹਿੰਦੇ ਸਨ ਇਕ ਧਰਮੀ ਸਿਪਾਹੀ[27] ਨੂੰ ਸੱਦਿਆ। ਅਤੇ ਸਭ ਗੱਲਾਂ ਉਨ੍ਹਾਂ ਨੂੰ ਸੁਣਾ ਕੇ ਯਾੱਪਾ ਨੂੰ ਘੱਲਿਆ (10:7, 8)।

ਦਿਨ ਢਲਣ ਦੇ ਬਾਵਜੂਦ ਕੁਰਨੇਲਿਉਸ ਨੇ ਯਾੱਪਾ ਨੂੰ ਜਾਣ ਲਈ ਉਨ੍ਹਾਂ ਨੂੰ ਤੀਹ ਮੀਲ ਦੇ ਸਫ਼ਰ ਲਈ ਤੋਰ ਦਿੱਤਾ। ਅੱਜ ਕਾਰ ਵਿਚ ਤੀਹ ਮੀਲ ਜਾਣਾ ਕੋਈ ਵੱਡੀ ਗੱਲ ਨਹੀਂ ਲਗਦੀ। ਸ਼ਾਮ ਨੂੰ 4.00 ਵਜੇ ਨਿੱਕਲ ਕੇ ਅਸੀਂ ਯਾੱਪਾ ਵਿਚ ਜਾ ਕੇ, ਪਤਰਸ ਨੂੰ ਨਾਲ ਲੈ ਕੇ, ਰਾਤ ਦਾ ਖਾਣਾ ਖਾਣ ਤਕ ਕੈਸਰੀਆ ਵਿਚ ਵਾਪਸ ਆ ਸਕਦੇ ਹਾਂ; ਪਰ ਇਨ੍ਹਾਂ ਤਿੰਨਾਂ ਨੂੰ ਤਾਂ ਇਸ ਔਖੇ ਸਫ਼ਰ ਵਿਚ ਕਈ ਘੰਟੇ ਲੱਗ ਜਾਣੇ ਸਨ।[28]

ਬਾਅਦ ਵਿਚ, ਪਤਰਸ ਨੇ ਆ ਕੇ ਕੁਰਨੇਲਿਉਸ ਨੂੰ ਕਿਹਾ, ''ਸੋ ਮੈਂ ਇਹ ਪੁੱਛਦਾ ਹਾਂ ਭਈ ਤੁਸਾਂ ਮੈਨੂੰ ਕਾਹਦੇ ਲਈ ਬੁਲਾਇਆ ਹੈ?'' (10:29)। ਕੁਰਨੇਲਿਉਸ ਦੀ ਮੁਕਤੀ ਲਈ ਖ਼ੁਦਾ ਦੀ ਯੋਜਨਾ ਵਿਚ ਸ਼ਾਮਲ ਅਹਿਮ ਸੱਚਾਈਆਂ ਨੂੰ ਸਾਹਮਣੇ ਲਿਆਉਣ ਲਈ ਆਓ ਇਸ ਢੁਕਵੇਂ ਸਵਾਲ ਨੂੰ ਕਈ ਰੂਪਾਂ ਵਿਚ ਪੁੱਛਦੇ ਹਾਂ। ਪਹਿਲਾਂ, ਅਸੀਂ ਪੁੱਛਦੇ ਹਾਂ, ''*ਕਿਸੇ* ਵੀ ਆਦਮੀ ਨੂੰ ਬੁਲਾਉਣ ਦੀ ਲੋੜ ਸੀ?'' ਫ਼ਰਿਸ਼ਤਾ ਤਾਂ ਹੈ ਹੀ ਸੀ! ਕੁਰਨੇਲਿਉਸ ਨੂੰ ਫ਼ਰਿਸਤੇ ਨੇ ਕਿਉਂ ਨਹੀਂ ਦੱਸਿਆ ਕਿ ਉਹ ਕਿਵੇਂ ਬਚਾਇਆ ਜਾ ਸਕਦਾ ਹੈ? ਫ਼ਰਿਸ਼ਤੇ ਨੇ ਕੁਰਨੇਲਿਉਸ ਨੂੰ ਬਚਾਏ ਜਾਣ ਦਾ ਢੰਗ ਓਸੇ ਕਰਕੇ ਨਹੀਂ ਦੱਸਿਆ ਜਿਸ ਕਰਕੇ ਫ਼ਰਿਸ਼ਤੇ ਅਤੇ ਆਤਮਾ ਨੇ ਅਧਿਆਇ 8 ਵਿਚ ਖੋਜੇ ਨੂੰ ਹਦਾਇਤ ਨਹੀਂ ਦਿੱਤੀ ਸੀ, ਅਤੇ ਓਸੇ ਕਰਕੇ ਜਿਸ ਤੋਂ ਯਿਸੂ ਨੇ ਸੌਲੁਸ ਨੂੰ ਨਹੀਂ ਦੱਸਿਆ, ਜਦ ਉਹਨੇ ਉਹਨੂੰ ਦਰਸ਼ਨ ਦਿੱਤਾ ਸੀ (9:6)। ਇੰਜੀਲ ਦੇ ''ਖਜ਼ਾਨੇ'' ਦੀ ਜ਼ਿੰਮੇਵਾਰੀ ''ਮਿੱਟੀ ਦੇ ਭਾਂਡਿਆਂ'' ਭਾਵ ਮਸੀਹੀ ਲੋਕਾਂ ਨੂੰ ਸੌਂਪੀ ਗਈ ਹੈ (2 ਕੁਰਿੰਥੀਆਂ 4:7)। ਯਿਸੂ ਨੇ ਆਪਣਾ ਗ੍ਰੇਟ ਕਮਿਸ਼ਨ ਫ਼ਰਿਸ਼ਤਿਆਂ ਨੂੰ ਨਹੀਂ ਸਗੋਂ ਮਨੁੱਖਾਂ ਨੂੰ ਦਿੱਤਾ ਹੈ। ''ਮਿਲਾਪ ਦੀ ਸੇਵਕਾਈ,'' ''ਮਿਲਾਪ ਦਾ ਵਚਨ'' ਮਨੁੱਖ ਨੂੰ ਸੌਂਪਿਆ ਗਿਆ ਹੈ, ਸਵਰਗੀ ਫ਼ੌਜ ਨੂੰ ਨਹੀਂ (2 ਕੁਰਿੰਥੀਆਂ 5:18, 19)। ਰਸੂਲਾਂ ਦੇ ਕੰਮ ਵਿਚ, ਭਾਵੇਂ ਮਨਬਦਲੀ ਦੀਆਂ ਕੁਝ ਘਟਨਾਵਾਂ ਵਿਚ ਚਮਤਕਾਰੀ ਤੱਤ ਹਨ,[29] ਪਰ ਖ਼ੁਦਾ ਨੇ ਵੀ ਆਪਣੇ ਇੰਤਜ਼ਾਮ ਨੂੰ ਨਹੀਂ ਬਦਲਿਆ ਕਿ *ਲੋਕ* ਦੂਜੇ *ਲੋਕਾਂ* ਨੂੰ ਦੱਸਣ ਕਿ ਕਿਵੇਂ ਬਚਾਏ ਜਾਣਾ ਹੈ! ਫ਼ਰਿਸ਼ਤੇ ਦੇ ਜ਼ਾਹਰ ਹੋਣ ਦਾ ਮਕਸਦ ਕੁਰਨੇਲਿਉਸ ਦੀ ਮੁਕਤੀ ਨਹੀਂ ਸਗੋਂ ਪ੍ਰਚਾਰਕ ਅਤੇ ਪਾਪੀ ਨੂੰ ਮਿਲਾਉਣਾ ਸੀ। ਇਸ ਰੱਬੀ ਹਦਾਇਤ ਦੇ ਬਗੈਰ, ਕੁਰਨੇਲਿਉਸ ਆਪਣੇ ਘਰ ਆਉਣ ਲਈ ਕਿਸੇ ਯਹੂਦੀ ਨੂੰ ਕਦੇ ਸੱਦਾ ਨਾ ਦਿੰਦਾ।

ਫੇਰ, ਆਓ ਸਵਾਲ ਨੂੰ ਬਦਲਦੇ ਹਾਂ ਕਿ ਭਾਵੇਂ ਖ਼ੁਦਾ ਦੀ ਇੱਛਾ ਸੀ ਕਿ ਕੋਈ ਮਨੁੱਖ ਕੁਰਨੇਲਿਉਸ ਨੂੰ ਮੁਕਤੀ ਦਾ ਵਚਨ ਸੁਣਾਏ, ਪਰ ਪ੍ਰਭੂ ਨੇ ਕੁਰਨੇਲਿਉਸ ਨੂੰ ਖ਼ਾਸ ਤੌਰ ਤੇ *ਪਤਰਸ* ਨੂੰ ਹੀ ਸੱਦਣ ਲਈ ਕਿਉਂ ਕਿਹਾ? ਪਤਰਸ ਕੈਸਰੀਆ ਤੋਂ ਤੀਹ ਮੀਲ ਦੂਰ ਸੀ, ਅਤੇ ਉੱਥੇ ਪਹਿਲਾਂ ਤੋਂ ਹੀ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਇਆ ਹੋਇਆ ਇਕ ਪ੍ਰਚਾਰਕ ਮੌਜੂਦ ਸੀ, ਜਿਹਦਾ ਨਾਂਅ ਫ਼ਿਲਿੱਪੁਸ ਸੀ।[30] ਯਾੱਪਾ ਵਿਚ ਪਤਰਸ ਨੂੰ ਕਿਉਂ ਸੱਦਿਆ ਗਿਆ, ਇਹਦੇ ਜਵਾਬ ਲਈ ਅਸੀਂ ਪਤਰਸ ਨੂੰ ਦਿੱਤੇ ਯਿਸੂ ਦੇ ਵਾਅਦੇ ਵੱਲ ਵਾਪਸ ਆਉਂਦੇ ਹਾਂ: ''ਮੈਂ ਸਵਰਗ ਦੇ ਰਾਜ

ਦੀਆਂ ਕੁੰਜੀਆਂ ਤੈਨੂੰ ਦਿਆਂਗਾ'' (ਮੱਤੀ 16:19)। ਪਤਰਸ ਨੇ ਉਨ੍ਹਾਂ ਕੁੰਜੀਆਂ ਦੀ ਵਰਤੋਂ ਰਸੂਲਾਂ ਦੇ ਕੰਮ 2 ਅਧਿਆਇ ਵਿਚ ਕੀਤੀ ਸੀ ਜਦ ਪਹਿਲੀ ਵਾਰ ਉਹਨੇ ਲੋਕਾਂ ਨੂੰ ਦੱਸਿਆ ਸੀ ਕਿ ਬਚਾਏ ਜਾਣ ਲਈ ਕੀ ਕਰਨਾ ਹੈ (2:38)। ਪਰ ਉਸ ਮੌਕੇ ਤੇ, ਮਨੁੱਖ ਜਾਤੀ ਦੇ ਸਿਰਫ਼ ਇੱਕੋ ਭਾਗ ਨੂੰ ਉਸ ਕੰਧ 'ਚੋਂ ਜਾਣ ਦੀ ਇਜਾਜ਼ਤ ਸੀ ਭਾਵ ਸਿਰਫ਼ ਯਹੂਦੀਆਂ ਦਾ ਹੀ ਬਪਤਿਸਮਾ ਹੋਇਆ ਸੀ। ਰਸੂਲਾਂ ਦੇ ਕੰਮ 10 ਅਧਿਆਇ ਵਿਚ ਪਤਰਸ ਕੋਲ ਸਭ ਲਈ ਦਰਵਾਜ਼ੇ ਖੋਲ੍ਹਣ ਅਰਥਾਤ ਕਲੀਸੀਆ ਵਿਚ ਗੈਰ ਯਹੂਦੀਆਂ ਨੂੰ ਸੱਦਾ ਦੇਣ ਲਈ ਉਨ੍ਹਾਂ ਕੁੰਜੀਆਂ ਦੀ ਵਰਤੋਂ ਕਰਨ ਦਾ ਮੌਕਾ ਸੀ! ਕਈ ਸਾਲਾਂ ਬਾਅਦ ਪਤਰਸ ਨੇ ਉਨ੍ਹਾਂ ਘਟਨਾਵਾਂ ਦਾ ਜ਼ਿਕਰ ਕੀਤਾ। ''ਹੇ ਭਾਈਓ, ਤੁਸੀਂ ਜਾਣਦੇ ਹੋ ਜੋ ਪਹਿਲੇ ਦਿਨਾਂ ਤੋਂ ਪ੍ਰਮੇਸ਼ਵਰ ਨੇ ਤੁਹਾਡੇ ਵਿੱਚੋਂ ਮੈਨੂੰ ਚੁਣਿਆ ਜੋ ਪਰਾਈਆਂ ਕੌਮਾਂ ਮੇਰੀ ਜ਼ਬਾਨੀ ਖੁਸ਼ਖ਼ਬਰੀ ਦਾ ਵਚਨ ਸੁਣਨ ਅਤੇ ਨਿਹਚਾ ਕਰਨ'' (15:7)।[31] ਖ਼ੁਦਾ ਨੇ ਕੁਰਨੇਲਿਉਸ ਨੂੰ ਦੱਸਿਆ ਕਿ ਉਹ ਪਤਰਸ ਨੂੰ ਸੱਦੇ ਕਿਉਂਕਿ ਇਹ ਰਸੂਲ ਖ਼ੁਦਾ ਦੀ ਪਸੰਦ ਸੀ ਜਿਸ ਨੇ ਸੂਬੇਦਾਰ ਨੂੰ ਦੱਸਣਾ ਸੀ ਕਿ ਬਚਾਇਆ ਕਿਵੇਂ ਜਾਣਾ ਹੈ।

ਪਾਪੀ ਤਾਂ ਤਿਆਰ ਸੀ; ਖ਼ੁਦਾ ਨੇ ਹੁਣ ਪ੍ਰਚਾਰਕ ਨੂੰ ਤਿਆਰ ਕਰਨਾ ਸੀ।

## ਖ਼ੁਦਾ ਦਾ ਦੂਜਾ ਕਦਮ: ਯਹੂਦੀ ਨੂੰ ਤਿਆਰ ਕਰਨਾ (10:9-23, 34, 35; 11:5-12)

ਆਇਤ 9 ਵਿਚ ਦ੍ਰਿਸ਼ ਬਦਲ ਕੇ ਯਾੱਪਾ ਵਿਚ ਚਲਾ ਜਾਂਦਾ ਹੈ। ਅਗਲੇ ਦਿਨ ਦੁਪਹਿਰ ਦਾ ਵਕਤ ਸੀ, ਅਤੇ ਕੁਰਨੇਲਿਉਸ ਦੇ ਭੇਜੇ ਹੋਏ ਤਿੰਨ ਆਦਮੀ ਸ਼ਹਿਰ ਦੇ ਨੇੜੇ ਪਹੁੰਚ ਗਏ ਸਨ। ਐਨੀ ਛੇਤੀ ਉਹ ਤਾਂ ਹੀ ਪਹੁੰਚ ਸਕਦੇ ਸਨ ਜੇ ਉਨ੍ਹਾਂ ਨੇ ਰਾਤ ਭਰ ਸਫ਼ਰ ਕੀਤਾ ਹੁੰਦਾ। ਜਿਵੇਂ ਹੀ ਥੱਕੇ ਹੋਏ ਹਰਕਾਰੇ ਯਾੱਪਾ ਵੱਲ ਮੁੜੇ, ਖ਼ੁਦਾ ਉਨ੍ਹਾਂ ਦੇ ਆਉਣ ਲਈ ਪਤਰਸ ਨੂੰ ਤਿਆਰ ਕਰਨ ਲੱਗ ਪਿਆ। ''ਦੂਜੇ ਦਿਨ ਜਾਂ ਉਹ ਰਾਹ ਵਿਚ ਚੱਲੇ ਜਾਂਦੇ ਸਨ ਅਤੇ ਨਗਰ ਦੇ ਨੇੜੇ ਜਾ ਢੁੱਕੇ ਤਾਂ ਪਤਰਸ ਦੁਪਹਿਰ ਕੁ ਵੇਲੇ[32] ਕੋਠੇ ਉੱਤੇ ਪ੍ਰਾਰਥਨਾ ਕਰਨ ਗਿਆ'' (10:9)।

ਪਤਰਸ ਅਜੇ ਵੀ ਸ਼ਮਊਨ ਖਟੀਕ ਦੇ ਘਰ ਹੀ ਰਹਿ ਰਿਹਾ ਸੀ ਜੋ ਜ਼ਾਹਰ ਤੌਰ ਤੇ ਇਸ ਰਸੂਲ ਦੇ ਆਉਣ ਨਾਲ ਮਸੀਹੀ ਲੋਕਾਂ ਦੇ ਇਕੱਠੇ ਹੋਣ ਦਾ ਥਾਂ ਬਣ ਗਿਆ ਸੀ। ਦੁਪਹਿਰ ਕੁ ਨੂੰ ਪਤਰਸ ਇਕਾਂਤ ਵਿਚ ਖ਼ੁਦਾ ਨਾਲ ਗੱਲ ਕਰਨ ਦੀ ਇੱਛਾ ਨਾਲ ਛੱਤ ਤੇ ਚੜ੍ਹ ਗਿਆ। ਉਸ ਜ਼ਮਾਨੇ ਵਿਚ ਘਰਾਂ ਦੀਆਂ ਕੰਧਾਂ ਸਮਤਲ ਹੁੰਦੀਆਂ ਸਨ,[33] ਜਿਨ੍ਹਾਂ ਦੀ ਵਰਤੋਂ ਮੇਵੇ ਸੁਕਾਉਣ, ਗਰਮੀਆਂ ਵਿਚ ਸੌਣ ਅਤੇ ਨਿਵੇਕਲੀ ਥਾਂ ਦੇ ਰੂਪ ਵਿਚ ਕੀਤੀ ਜਾਂਦੀ ਸੀ। ਯਹੂਦੀ ਹੋਣ ਕਰਕੇ, ਪਤਰਸ ਨੇ ਰੋਜ਼ਾਨਾ 12:00 ਵਜੇ ਦੁਆ ਕਰਨ ਦੀ ਆਦਤ ਬਣਾਈ ਹੋਈ ਸੀ (ਵੇਖੋ ਜ਼ਬੂਰ 55:17; ਦਾਨੀਏਲ 6:10) ਅਤੇ ਸਾਫ਼ ਹੈ ਕਿ ਮਸੀਹੀ ਬਣਨ ਦੇ ਬਾਅਦ ਵੀ ਉਹਦੀ ਇਹ ਆਦਤ ਛੁੱਟੀ ਨਹੀਂ ਸੀ। ਦੁਆ ਕਰਨ ਦੀ ਆਦਤ ਬਣਾਉਣਾ ਠੀਕ ਹੈ ਜੇ ਇਹ *ਸਿਰਫ਼* ਆਦਤ ਤਕ ਸੀਮਤ ਨਹੀਂ ਰਹਿੰਦੀ।

ਸਾਨੂੰ ਨਹੀਂ ਪਤਾ ਕਿ ਪਤਰਸ ਨੇ ਕੀ ਦੁਆ ਕੀਤੀ ਹੋਵੇਗੀ। ਹੋ ਸਕਦਾ ਹੈ ਉਹਨੇ ਇਹ ਦੁਆ ਕੀਤੀ ਹੋਵੇਗੀ ਕਿ ਉਹ ਵਚਨ ਦਿਲੇਰੀ ਨਾਲ ਸੁਣਾਉਂਦਾ ਰਹੇ।[34] ਹੋ ਸਕਦਾ ਹੈ ਉਹਨੇ ਖ਼ੁਦਾ ਤੋਂ ਨਵੇਂ ਰਾਹ ਖੋਲ੍ਹਣ ਲਈ ਬੇਨਤੀ ਕੀਤੀ ਹੋਵੇਗੀ (ਤੁਲਨਾ 14:27)। ਜੇ ਉਹਨੇ ਬਾਅਦ ਵਾਲੀ ਦੁਆ ਕੀਤੀ, ਤਾਂ ਉਹਦੀ ਦੁਆ ਦਾ ਜਵਾਬ ਇੰਜ ਮਿਲਣ ਵਾਲਾ ਸੀ ਜਿਹਦਾ ਉਹਨੂੰ ਖ਼ਿਆਲ ਵੀ ਨਹੀਂ ਸੀ!

ਦੁਆ ਕਰਦਿਆਂ, ''ਉਹ ਨੂੰ ਭੁੱਖ ਲੱਗੀ ਅਰ ਉਹਨੇ ਚਾਹਿਆ ਭਈ ਕੁਝ ਖਾਵੇ''[35] (10:10)। KJV ਦੇ ਅਨੁਵਾਦ ਵਿਚ ਉਸ ਨੂੰ ''*ਜ਼ੋਰ ਦੀ* ਭੁੱਖ ਲੱਗੀ'' ਹੈ। ਖ਼ੁਦਾ ਨੇ ਪਤਰਸ ਨਾਲ ਇਵੇਂ ਹੀ ਸ਼ੁਰੂਆਤ ਕਰਨੀ ਸੀ। ਕਿਸੇ ਨੂੰ ਸਿਖਾਉਣਾ ਹੋਵੇ ਤਾਂ ਉੱਥੋਂ ਹੀ ਸ਼ੁਰੂ ਕਰੋ ਜਿੱਥੋਂ ਉਹ ਅਸਾਨੀ ਨਾਲ ਸਮਝ ਸਕੇ।

ਹੇਠਾਂ ਵਾਲੇ ਲੋਕ ਖਾਣਾ ਤਿਆਰ ਕਰਨ ਲੱਗੇ ਹੋਏ ਸਨ[36] ਪਰ ਪਤਰਸ ਛੱਤ ਉੱਤੇ, ਗੋਡਿਆਂ ਭਾਰ ਝੁਕ ਕੇ,[37] ਦੁਆ ਕਰਦਾ ਰਿਹਾ (ਵੇਖੋ 11:5)। ''ਪਰ ਜਾਂ ਉਹ ਤਿਆਰ ਕਰ ਰਹੇ ਸਨ ਉਹ ਬੇਸੁਧ ਹੋ ਗਿਆ'' (10:10)। ''ਬੇਸੁਧ'' ਹੋਣ ਤੋਂ ਭਾਵ ਇਹ ਨਹੀਂ ਕਿ ਜੋ ਕੁਝ ਬਾਅਦ ਵਿਚ ਹੋਇਆ, ਉਹ ਪਤਰਸ ਦਾ *ਖ਼ਿਆਲ* ਹੀ ਸੀ। ਅਨੁਵਾਦ ਹੋਏ ਸ਼ਬਦ ''ਬੇਸੁਧ'' ਦਾ ਯੂਨਾਨੀ ਸ਼ਬਦ ਉਹੀ ਹੈ ਜਿਸ ਤੋਂ ਅੰਗ੍ਰੇਜ਼ੀ ਦਾ ''ecstasy'' ਅਰਥਾਤ ਸਮਾਧੀ ਸ਼ਬਦ ਬਣਿਆ ਹੈ।[38] ਇਹ ਪਤਰਸ ਦੀ ਚੇਤਨਾ ਨੂੰ, ਖ਼ੁਦਾ ਦੀ ਪ੍ਰੇਰਣਾ ਨਾਲ ਉਸ ਉੱਤੇ ਜ਼ੋਰਦਾਰ ਅਸਰ ਛੱਡਣਾ ਸੀ। ਅਸੀਂ ਇਸ ਦੀ ਤੁਲਨਾ ਰੇਡੀਓ ਦੇ ਕਿਸੇ ਸਟੇਸ਼ਨ ਨੂੰ ਸਾਫ਼ ਸੁਣਨ ਲਈ ਟਿਊਨਿੰਗ ਕਰਨ ਨਾਲ ਕਰ ਸਕਦੇ ਹਾਂ।

''ਅਤੇ ਕੀ ਵੇਖਦਾ ਹੈ ਕਿ ਅਕਾਸ਼ ਖੁੱਲ੍ਹਾ ਹੈ ਅਤੇ ਇਕ ਚੀਜ਼ ਵੱਡੀ ਚਾਦਰ ਦੇ ਸਮਾਨ ਚੌਹੁੰ ਪੱਲਿਆਂ ਤੋਂ ਧਰਤੀ ਵੱਲ ਲਮਕਾਈ ਹੋਈ ਹੇਠਾਂ ਉੱਤਰਦੀ ਹੈ'' (10:11)। ਕੁਝ ਲੇਖਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਨੇੜੇ ਤੋਂ ਇਕ ਬਹੁਤ ਵੱਡੀ ਚਾਦਰ ਭਾਵ ਛੱਤ ਉੱਤੇ ਇਕ ਚਾਨਣੀ ਜਾਂ ਨੇੜੇ ਹੀ ਇਕ ਬੇੜੀ ਉੱਪਰ ਸਫ਼ੇਦ ਜਹਾਜ਼ ਵੇਖਣਾ ਚਾਹੀਦਾ ਹੈ ਜੋ ਪਤਰਸ ਦੇ ਦਰਸ਼ਨ ਦਾ ਭਾਗ ਬਣਿਆ। ਆਖ਼ਰ, ਪਤਰਸ ਨੂੰ *ਬਹੁਤ* ਭੁੱਖ ਲੱਗੀ ਸੀ! ਸੰਜੀਦਗੀ ਨਾਲ ਆਲੇ ਦੁਆਲੇ ਕੁਝ ਖੋਜ ਕਰਨ ਦੀ ਲੋੜ ਨਹੀਂ ਸੀ ਜਿਸ ਤੋਂ ਇਹ ਅਸਾਨ ਹੋ ਜਾਵੇ ਕਿ ਚਾਦਰ ਪਤਰਸ ਦਾ ਖ਼ਿਆਲ ਹੀ ਸੀ। ਪਤਰਸ ਨੇ ਕੋਈ ਨਸ਼ਾ ਨਹੀਂ ਕੀਤਾ ਸੀ; ਉਸ ਨੂੰ ਤਾਂ *ਖ਼ੁਦਾ* ਵੱਲੋਂ ਇਕ ਦਰਸ਼ਨ ਮਿਲ ਰਿਹਾ ਸੀ (11:5)।

ਅਸਮਾਨ ਤੋਂ ਆਈ ਚਾਦਰ ਤਦ ਤਕ ਹੇਠਾਂ ਹੁੰਦੀ ਰਹੀ ਜਦ ਤਕ ਉਹ ਪਤਰਸ ਕੋਲ ਨਾ ਆ ਗਈ (11:5)। ਉਹ ਹੈਰਾਨੀ ਨਾਲ ਉਹਦੇ ਵੱਲ ਨੀਝ ਲਾ ਕੇ ਵੇਖਣ ਲੱਗਾ (11:6); ''ਉਸ ਵਿਚ ਸਭ ਤਰ੍ਹਾਂ ਦੇ ਚੁਪਾਏ [ਅਤੇ ਜੰਗਲੀ ਜਾਨਵਰ[39]] ਅਰ ਧਰਤੀ ਦੇ ਘਿੱਸਰਨ ਵਾਲੇ ਜੀਉ ਜੰਤ [ਢਿੱਡ ਭਾਰ ਚੱਲਣ ਵਾਲੇ ਜੰਤੂ[40]] ਅਤੇ ਅਕਾਸ਼ ਦੇ ਪੰਛੀ ਸਨ'' (10:12)। ਜੋ ਧਰਤੀ ਦੇ ਹਰ ਤਰ੍ਹਾਂ ਦੇ ਜਾਨਵਰ ਦੇ ਨੁਮਾਇੰਦਗੀ ਕਰਦੇ ਸਨ।[41] ਯਹੂਦੀ ਲੋਕ ਕੁਝ ਜਾਨਵਰਾਂ ਨੂੰ ਖਾਣ ਲਈ ''ਸ਼ੁੱਧ'' ਮੰਨਦੇ ਹਨ ਜਿਵੇਂ, ਗਾਂ, ਭੇਡ ਅਤੇ ਬੱਕਰੀਆਂ ਅਤੇ[42] ਕੁਝ ਨੂੰ ''ਅਸ਼ੁਧ'' ਜਿਵੇਂ ਊਠ, ਸੂਰ, ਅਤੇ ਸ਼ੇਰ! ਇਹ ਕੈਸਾ ਨਜ਼ਾਰਾ ਅਤੇ ਕੈਸੀ ਹਲਚਲ ਹੈ! ਇਹ ਤਾਂ ਉਵੇਂ ਹੀ ਹੈ ਜਿਵੇਂ ਨੂਹ ਦੇ ਬੇੜੇ ਦਾ ਸਮਾਨ ਦੁਨੀਆਂ ਦੀ ਸਭ ਤੋਂ ਵੱਡੀ ਚਾਦਰ ਵਿਚ ਤੁੰਨ ਦਿੱਤਾ ਗਿਆ ਹੋਵੇ!

ਉੱਪਰੋਂ ਇਕ ਅਵਾਜ਼ ਆਈ, ''ਹੇ ਪਤਰਸ ਉੱਠ ਅਤੇ ਕੱਟ ਕੇ ਖਾਹ!'' (10:13)। ਦੂਜੇ ਸ਼ਬਦਾਂ ਵਿਚ, ''ਪਤਰਸ, ਮੈਨੂੰ ਪਤਾ ਹੈ ਤੈਨੂੰ ਬਹੁਤ ਭੁੱਖ ਲੱਗੀ ਹੈ, ਸਿੱਧੇ ਸਵਰਗ ਤੋਂ ਆਇਆ ਹੋਇਆ ਖਾਣਾ[43] ਤੇਰੇ ਲਈ ਪੇਸ਼ ਹੈ! ਜੋ ਤੇਰਾ ਜੀਅ ਕਰਦਾ ਹੈ ਚੁੱਕ ਅਤੇ ਰੱਜ ਕੇ ਖਾ ਲੈ!'' ਇਹ *ਦਰਸ਼ਨ* ਸੀ, ਇਸ ਲਈ ਪਰੇਸ਼ਾਨ ਨਾ ਹੋਵੋ ਕਿ ਪਤਰਸ ਨੂੰ ਕੱਟਣ ਅਤੇ ਖਾਣ ਦੇ ਹੁਕਮ ਨੂੰ ਕਿਵੇਂ ਮੰਨਿਆ ਹੋਵੇਗਾ। ਇਕ ਗੱਲ ਪੱਕੀ ਹੈ ਕਿ ਉੱਥੇ ਅਜਿਹਾ ਕੋਈ ਸਾਧਨ ਨਹੀਂ ਸੀ ਜਿਸ ਨਾਲ ਪਤਰਸ ''ਉੱਠ ਕੇ, ਕੱਟਦਾ ਅਤੇ ਮਾਰ ਕੇ ਖਾਂਦਾ!'' ਉਹਨੇ ਅਸ਼ੁੱਧ ਜਾਨਵਰਾਂ ਵਿੱਚੋਂ ਕਿਸੇ ਨੂੰ ਵੀ

ਮਾਰ ਕੇ ਬਿਲਕੁਲ ਨਹੀਂ ਖਾਣਾ ਸੀ। ਫ਼ਿਰ ਅਸ਼ੁੱਧ ਜਾਨਵਰਾਂ ਦੇ ਬਹੁਤ ਨੇੜੇ ਰਹਿਣ ਕਾਰਣ *ਸ਼ੁੱਧ* ਜਾਨਵਰ ਵੀ ਤਾਂ ਭ੍ਰਸ਼ਟ ਹੋ ਚੁੱਕੇ ਸਨ। ਇਸ ਤੋਂ ਇਲਾਵਾ, ਸ਼ੁੱਧ ਜਾਨਵਰਾਂ ਨੂੰ ''ਕੋਸ਼ਰ''[44] ਹੋਣ ਲਈ ਇਕ ਖ਼ਾਸ ਵਿਧੀ ਰਾਹੀਂ ਹੀ ਮਾਰਨਾ ਜ਼ਰੂਰੀ ਹੁੰਦਾ ਸੀ, ਅਤੇ ਇਹ ਵਿਧੀ ਬੜੀ ਔਖੀ ਸੀ। ਪਤਰਸ ਦੇ ਮਨ ਵਿਚ ਸ਼ੁੱਧ ਅਤੇ ਅਸ਼ੁੱਧ ਜਾਨਵਰਾਂ ਬਾਰੇ ਸ਼ਰ੍ਹਾ ਦੀ ਸਿੱਖਿਆ ਐਨੀ ਤਹਿ ਤਕ ਬੈਠੀ ਹੋਈ ਸੀ (ਜਿਵੇਂ ਆਮ ਤੌਰ ਤੇ ਹੁੰਦਾ ਸੀ) ਕਿ ਪਤਰਸ ਨੇ ਬਿਨਾਂ ਸੋਚੇ ਹੀ ਆਪਣੀ ਪ੍ਰਤੀਕ੍ਰਿਆ ਦੇ ਕੇ ਕਿਹਾ, ''ਨਾ ਪ੍ਰਭੂ ਜੀ ਐਉਂ ਨਹੀਂ ਹੋਣਾ ਕਿਉਂ ਜੋ ਮੈਂ ਕੋਈ ਅਸ਼ੁੱਧ[45] ਯਾ ਭ੍ਰਿਸ਼ਟ ਚੀਜ਼ ਕਦੇ ਨਹੀਂ ਖਾਧੀ'' (10:14)। ਉਹਦੇ ਕਹਿਣ ਤੋਂ ਭਾਵ ਸੀ ਕਿ ''... *ਕਦੀ ਖਾਵਾਂਗਾ ਵੀ ਨਹੀਂ*।''

ਪ੍ਰਭੂ ਨਾਲ ਬਹਿਸ ਕਰਨ ਵਾਲਾ ਪਤਰਸ ਪਹਿਲਾ ਸ਼ਖ਼ਸ ਨਹੀਂ ਸੀ। ਹਨਨੀਆਹ ਨੇ ਵੀ ਪ੍ਰਭੂ ਨਾਲ ਬਹਿਸ ਕੀਤੀ ਸੀ ਜਦ ਉਹਨੂੰ ਸੌਲੁਸ ਕੋਲ ਜਾਣ ਲਈ ਕਿਹਾ ਗਿਆ ਸੀ (9:13, 14)। ਸੌਲੁਸ ਨੇ ਪ੍ਰਭੂ ਨਾਲ ਬਹਿਸ ਕੀਤੀ ਸੀ ਜਦ ਉਹਨੂੰ ਯਰੂਸ਼ਲਮ ਛੱਡਣ ਲਈ ਕਿਹਾ ਗਿਆ ਸੀ (22:19, 20)। ਇਨ੍ਹਾਂ ਸਭਨਾਂ ਨੂੰ ਇਹ ਸਮਝ ਆ ਗਈ ਸੀ ਕਿ ਖ਼ੁਦਾ ਨੂੰ ਦੇਣ ਵਾਲਾ ਜਵਾਬ ''ਨਾਂਹ'' ਨਹੀਂ ਹੈ। ''ਨਹੀਂ, ਪ੍ਰਭੂ'' ਸਬੰਧ ਵਿਚ ਵਿਰੋਧ ਹੈ। ਖ਼ੁਦਾ ਨੂੰ ਪ੍ਰਭੂ ਮੰਨਣਾ ਅਤੇ ਇਹ ਕਬੂਲ ਕਰਨਾ ਜ਼ਰੂਰੀ ਹੈ ਕਿ ਉਹਨੂੰ ਸਾਡੀ ਜ਼ਿੰਦਗੀ ਨੂੰ ਸਹੀ ਅਵਸਥਾ ਵਿਚ ਰੱਖਣ ਦਾ ਹੱਕ ਹੈ! ਖ਼ੁਦਾ ਵੱਲੋਂ ਬੇਨਤੀ ਦਾ ਇੱਕੋ ਇਕ ਅਟਲ ਜਵਾਬ ''ਹਾਂ, ਪ੍ਰਭੂ!'' ਹੀ ਹੈ (ਵੇਖੋ ਲੂਕਾ 6:46)।

ਉਸ ਅਵਾਜ਼ ਨੇ ਫੇਰ ਕਿਹਾ, ''ਜੋ ਕੁਝ ਪ੍ਰਮੇਸ਼ਵਰ ਨੇ ਸ਼ੁੱਧ ਕੀਤਾ ਉਹਨੂੰ ਤੂੰ ਅਸ਼ੁੱਧ ਨਾ ਕਹਿ'' (10:15)।[46] ਪਤਰਸ ਨੂੰ ਜ਼ਰੂਰ ਹੀ ਇੰਜ ਲੱਗਿਆ ਹੋਵੇਗਾ ਜਿਵੇਂ ਕਿਸੇ ਨੇ ਸੋਟੇ ਨਾਲ ਉਹਦੇ ਸਿਰ ਵਿਚ ਸੱਟ ਮਾਰੀ ਹੋਵੇ। ਕਿਸੇ ਤਰ੍ਹਾਂ ਦੀ ਗਲਤਫ਼ਹਿਮੀ ਨੂੰ ਦੂਰ ਕਰਨ ਲਈ, ਖ਼ੁਦਾ ਨੇ ਆਪਣੀ ਹਦਾਇਤ ਦੁਹਰਾਈ: ''ਹੇ ਪਤਰਸ, ਉੱਠ ਕੱਟ ਅਤੇ ਖਾਹ! ... ਜੋ ਕੁਝ ਪ੍ਰਮੇਸ਼ਵਰ ਨੇ ਸ਼ੁੱਧ ਕੀਤਾ ਉਹਨੂੰ ਤੂੰ ਅਸ਼ੁੱਧ ਨਾ ਕਹਿ।'' ਖ਼ੁਦਾ ਨੇ ਤੀਜੀ ਵਾਰ ਫੇਰ ਆਪਣੀ ਗੱਲ ਦੁਹਰਾਈ; ''ਇਹ ਤਿੰਨ ਵਾਰੀ ਹੋਇਆ'' (10:16)। ਪ੍ਰਭੂ ਨੇ ਕੁਰਨੇਲਿਉਸ ਨੂੰ *ਇੱਕੋ* ਵਾਰਹਦਾਇਤ ਦਿੱਤੀ ਸੀ ਅਤੇ ਉਹਨੇ ਹੁਕਮ ਮੰਨ ਲਿਆ ਸੀ, ਪਰ ਪਤਰਸ ਨੂੰ ਉਹਨੂੰ *ਤਿੰਨ* ਵਾਰ ਕਹਿਣਾ ਪਿਆ। ਪਾਪੀ ਨੂੰ ਤਿਆਰ ਕਰਨ ਦੇ ਮੁਕਾਬਲੇ ਪ੍ਰਚਾਰਕ ਨੂੰ ਤਿਆਰ ਕਰਨਾ ਤਿੰਨ ਗੁਣਾ ਔਖਾ ਸੀ! ਸਾਨੂੰ ਨਹੀਂ ਪਤਾ ਕਿ ਪਤਰਸ ਨੇ ਹਰ ਵਾਰ ਵਿਰੋਧ ਕੀਤਾ ਜਾਂ ਨਹੀਂ। ਜੇ ਉਹਨੇ ਵਿਰੋਧ ਕੀਤਾ ਹੋਵੇਗਾ, ਤਾਂ ਉਹਦਾ ਵਿਰੋਧ ਯਕੀਨਨ ਹੀ ਹਰ ਵਾਰ ਘਟਦਾ ਗਿਆ ਹੋਵੇਗਾ। ਫਿਰ ਅਚਾਨਕ ਵਿਖਾਈ ਦੇਣ ਵਾਂਗ ਹੀ ਇਹ ਚਾਦਰ ''ਅਕਾਸ਼ ਉੱਤੇ ਚੁੱਕੀ ਗਈ'' (10:16)।

ਪਤਰਸ ਦੇ ਦਿਮਾਗ਼ ਵਿਚ ਭਾਂਤ ਭਾਂਤ ਦੇ ਸਵਾਲ ਘੁੰਮ ਰਹੇ ਹੋਣਗੇ ਕਿ ਇਹਦਾ ਕੀ ਮਤਲਬ ਹੋ ਸਕਦਾ ਹੈ? ਭਲਾ ਖ਼ੁਦਾ ਸੱਚਮੁੱਚ ਚਾਹੁੰਦਾ ਸੀ ਕਿ ਉਹ ਬਾਹਰ ਜਾ ਕੇ ਕਿਸੇ *ਸੂਰ* ਨੂੰ ਮਾਰ ਸੁੱਟੇ? ਸ਼ੁੱਧ ਅਤੇ ਅਸ਼ੁੱਧ ਜਾਨਵਰਾਂ ਬਾਰੇ ਹਦਾਇਤਾਂ ਸ਼ਰ੍ਹਾ ਦਾ ਇਕ ਜ਼ਰੂਰੀ ਭਾਗ ਸਨ। ਜੇ ਸ਼ਰ੍ਹਾ ਦਾ ਇਕ ਭਾਗ ਬਦਲ ਗਿਆ, ਤਾਂ ਭਲਾ ਸ਼ਰ੍ਹਾ ਦੇ ਦੂਜੇ ਭਾਗ ਵੀ ਬਦਲ ਗਏ ਸਨ?[47] ਭਲਾ ਖ਼ੁਦਾ ਨੂੰ ਸਿਰਫ਼ ਜਾਨਵਰਾਂ ਦੀ ਹੀ ਚਿੰਤਾ ਸੀ ਜਾਂ ਉਹਦੇ ਮਨ ਵਿਚ ਕੁਝ ਹੋ ਵੀ ਸੀ?

ਅਸੀਂ ਹੈਰਾਨ ਹੋ ਸਕਦੇ ਹਾਂ ਕਿ ਸ਼ੁੱਧ ਅਤੇ ਅਸ਼ੁੱਧ ਜਾਨਵਰਾਂ ਬਾਰੇ ਦਰਸ਼ਨ ਦੇਣ ਨਾਲ ਘੁੰਮ-ਘੁਮਾਅ ਕੇ ਸਮਝਾਉਣ ਦੀ ਬਜਾਏ ਖ਼ੁਦਾ ਨੇ ਪਤਰਸ ਨੂੰ ਐਨਾ ਹੀ ਕਿਉਂ ਨਹੀਂ ਕਿਹਾ ਕਿ ਗੈਰ ਕੌਮਾਂ ਨੂੰ ਹੁਣ ਅਸ਼ੁੱਧ ਨਹੀਂ ਮੰਨਿਆ ਜਾਵੇਗਾ।[48] ਅਸਲ 'ਚ ਗੈਰ ਕੌਮਾਂ ਅਤੇ ਸ਼ੁੱਧ ਅਤੇ ਅਸ਼ੁੱਧ ਭੋਜਨ ਦੀ ਮੰਜ਼ੂਰੀ ਬਾਰੇ ਪੁਰਾਣੇ ਨੇਮ ਵਿਚ ਪਹਿਲਾਂ ਨਾਲੋਂ ਬਹੁਤਾ ਨੇੜੇ ਸਬੰਧ ਸੀ। ਯਹੂਦੀ ਅਤੇ ਗੈਰ ਕੌਮਾਂ ਦੀ ਸੰਗਤੀ ਵਿਚ ਭੋਜਨ ਇਕ ਬਹੁਤ ਵੱਡੀ ਰੁਕਾਵਟ ਸੀ। ਬਾਅਦ

ਵਿਚ, ਜਦ ਕੈਸਰੀਆ ਵਿਚ ਆਪਣੇ ਇਨ੍ਹਾਂ ਕੰਮਾਂ ਕਾਰਣ ਪਤਰਸ ਦੀ ਅਲੋਚਨਾ ਹੋਈ, ਤਾਂ ਉਹਦੇ ਅਲੋਚਕਾਂ ਨੇ ਇਹ ਨਹੀਂ ਕਿਹਾ ਸੀ ਕਿ ਉਹਨੇ ਪਰਾਈਆਂ ਕੌਮਾਂ ਦੇ ਲੋਕਾਂ ਨੂੰ *ਬਪਤਿਸਮਾ ਦਿੱਤਾ* ਹੈ, ਸਗੋਂ ਉਨ੍ਹਾਂ ਇਹ ਕਿਹਾ ਸੀ ਕਿ ਉਹਨੇ ਉਨ੍ਹਾਂ ਨਾਲ *ਖਾਧਾ* ਹੈ (11:2, 3)। ਕੋਈ ਵੀ ਸਮਝਦਾਰ ਯਹੂਦੀ ਕਿਸੇ ਪਰਾਈ ਕੌਮ ਵਾਲੇ ਦੇ ਹੱਥੋਂ ਬਣਿਆ ਖਾਣਾ ਨਹੀਂ ਖਾ ਸਕਦਾ ਸੀ ਕਿਉਂਕਿ ਮੀਟ ਕਿਸੇ ਅਸ਼ੁੱਧ ਜਾਨਵਰ ਦਾ ਵੀ ਹੋ ਸਕਦਾ ਸੀ! ਕਿਸੇ ਮੂਰਤੀ ਅੱਗੇ ਚੜ੍ਹਾਇਆ ਚੜ੍ਹਾਵਾ ਹੋ ਸਕਦਾ ਸੀ ਜਿਸ ਨੂੰ ਬਾਅਦ ਵਿਚ ਬਜ਼ਾਰ ਵਿਚ ਵੇਚ ਦਿੱਤਾ ਗਿਆ ਹੋਵੇ; ਲਗਭਗ ਇਹ ਤਾਂ ਪੱਕਾ ਹੀ ਸੀ ਕਿ ਜਾਨਵਰ ਦਾ ਲਹੂ ਸ਼ਰ੍ਹਾ ਮੁਤਾਬਕ ਨਹੀਂ ਵਹਾਇਆ ਗਿਆ ਹੋਵੇਗਾ ਅਤੇ ਬਾਕੀ ਖਾਣਾ ਤਿਆਰ ਕਰਨ ਲਈ ਸ਼ਰ੍ਹਾ ਦੀਆਂ ਸਖ਼ਤ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਗਈ ਹੋਵੇਗੀ। ਯਹੂਦੀਆਂ ਅਤੇ ਪਰਾਈਆਂ ਕੌਮਾਂ ਦਰਮਿਆਨ ਰੁਕਾਵਟਾਂ ਨੂੰ ਪਾਰ ਕਰਨ ਲਈ ਸਭ ਤੋਂ ਪਹਿਲਾਂ ਖਾਣੇ ਨਾਲ ਜੁੜੇ ਨਿਯਮਾਂ ਨੂੰ ਪਾਰ ਕਰਨਾ ਜ਼ਰੂਰੀ ਸੀ।

ਆਇਤ 17 ਕਹਿੰਦੀ ਹੈ, ''ਜਾਂ ਪਤਰਸ ਆਪਣੇ ਮਨ ਵਿਚ ਚਿੰਤਾ ਕਰ ਰਿਹਾ ਸੀ ਭਈ ਇਹ ਦਰਸ਼ਣ ਜਿਹੜਾ ਮੈਂ ਵੇਖਿਆ ਹੈ ਸੋ ਕੀ ਹੋਊ? ਤਾਂ ਵੇਖੋ ਉਹ ਮਨੁੱਖ ਜਿਹੜੇ ਕੁਰਨੇਲਿਉਸ ਦੇ ਭੇਜੇ ਹੋਏ ਸਨ ਸ਼ਮਊਨ ਦਾ ਘਰ[49] ਪੁੱਛਦੇ ਪੁੱਛਦੇ ਡਿਉੜ੍ਹੀ ਤੇ ਆਣ ਖਲੋਤੇ'' (10:17)। ਬਾਅਦ ਵਿਚ, ਪਤਰਸ ਨੇ ਕਿਹਾ, ''ਅਰ ਵੇਖੋ ਕਿ ਓਸੇ ਵੇਲੇ ਘਰ ਦੇ ਅੱਗੇ ਜਿੱਥੇ ਅਸੀਂ ਸਾਂ ਤਿੰਨ ਮਨੁੱਖ ਆਣ ਖਲੋਤੇ ਜਿਹੜੇ ਕੈਸਰੀਆ ਤੋਂ ਮੇਰੇ ਕੋਲ ਘੱਲੇ ਹੋਏ ਸਨ'' (11:11)। ਖ਼ੁਦਾ ਦੀ ਸਮੇਂ ਸਾਰਣੀ ਜ਼ਬਰਦਸਤ ਸੀ। ਜੇ ਉਹ ਆਦਮੀ ਪਹਿਲਾਂ ਪਹੁੰਚ ਜਾਂਦੇ ਤਾਂ ਪਤਰਸ ਉਨ੍ਹਾਂ ਨੂੰ ਦਿਲੋਂ ਅੰਦਰ ਆਉਣ ਲਈ ਨਾ ਕਹਿੰਦਾ। ਜੇ ਉਹ ਲੇਟ ਪਹੁੰਚਦੇ, ਤਾਂ ਉਹ ਉਨ੍ਹਾਂ ਦੀ ਪੁੱਛ ਗਿੱਛ ਨੂੰ ਉਸ ਦਰਸ਼ਨ ਨਾਲ ਨਾ ਜੋੜਦਾ ਜੋ ਉਨ੍ਹਾਂ ਵੇਖਿਆ ਸੀ।

ਕਿਉਂਕਿ ਉਹ ਤਿੰਨੇ ਗੈਰ ਕੌਮਾਂ ਵਿੱਚੋਂ ਸਨ ਅਤੇ ਇਕ ਯਹੂਦੀ ਦੇ ਘਰ ਦੇ ਸਾਹਮਣੇ ਖੜੇ ਸਨ ਜਿਸ ਕਰਕੇ ਉਹ ਦਰਵਾਜ਼ੇ ਤੋਂ ਤਦ ਤਕ ਹੋਰ ਅੱਗੇ ਨਹੀਂ ਵੱਧ ਸਕਦੇ ਸਨ ਜਦ ਤਕ ਉਨ੍ਹਾਂ ਨੂੰ ਅੰਦਰ ਆਉਣ ਲਈ ਨਾ ਕਿਹਾ ਜਾਂਦਾ। ਉਨ੍ਹਾਂ ਨੇ ਘਰ ਵਿਚ ਅਵਾਜ਼ ਦਿੱਤੀ, ''ਭਈ ਸ਼ਮਊਨ ਜਿਹਨੂੰ ਪਤਰਸ ਕਰਕੇ ਆਖੀਦਾ ਹੈ ਇੱਥੇ ਹੀ ਉੱਤਰਿਆ ਹੋਇਆ ਹੈ?'' (10:18)।

''ਦਰਸ਼ਣ ਦੇ ਖਿਆਲ ਵਿਚ ਡੁੱਬਿਆ ਹੋਇਆ'' ਪਤਰਸ ਅਜੇ ਛੱਤ ਉੱਤੇ ਹੀ ਸੀ। ਆਤਮਾ ਨੇ ਉਹਨੂੰ ਕਿਹਾ:[50] ''ਵੇਖ ਤਿੰਨ ਮਨੁੱਖ ਤੈਨੂੰ ਭਾਲਦੇ ਹਨ। ਪਰ ਤੂੰ ਉੱਠ ਅਤੇ ਹੇਠਾਂ ਜਾਹ ਅਰ ਨਿਸੰਗ ਉਨ੍ਹਾਂ ਦੇ ਨਾਲ ਤੁਰ ਪਓ ਕਿਉਂ ਜੋ ਉਨ੍ਹਾਂ ਨੂੰ ਮੈਂ ਭੇਜਿਆ ਹੈ'' (10:19, 20)। ਭੇਤ ਪਤਰਸ ਦੇ ਦਿਲ ਵਿਚ ਗਹਿਰਾ ਗਿਆ ਸੀ। ਛੇਤੀ ਨਾਲ ਉਹ ਹੇਠਾਂ ਉੱਤਰ ਕੇ ਉਨ੍ਹਾਂ ਬੰਦਿਆਂ ਕੋਲ ਗਿਆ ਜੋ ਦਰਵਾਜ਼ੇ ਤੇ ਖੜੇ ਸਨ ਅਤੇ ਕਹਿਣ ਲੱਗਾ, ''ਜਿਹਨੂੰ ਤੁਸੀਂ ਭਾਲਦੇ ਹੋ ਸੋ ਮੈਂ ਹਾਂ। ਤੁਸੀਂ ਕਾਹ ਦੇ ਲਈ ਆਏ ਹੋ?'' (10:21)। ਪਤਰਸ ਹੈਰਾਨ ਸੀ ਕਿ ਸਵਰਗੀ ਦਰਸ਼ਣ ਅਤੇ ਇਨ੍ਹਾਂ ਲੋਕਾਂ ਦੇ ਨਾਲ ਚੱਲਣ ਦੇ ਆਤਮਾ ਦੇ ਹੁਕਮ ਦਾ ਕੀ ਸਬੰਧ ਹੋ ਸਕਦਾ ਹੈ।

ਉਨ੍ਹਾਂ ਹਰਕਾਰਿਆਂ ਨੇ ਜਵਾਬ ਦਿੱਤਾ, ''ਕੁਰਨੇਲਿਉਸ ਸੂਬੇਦਾਰ ਜੋ ਧਰਮੀ ਪੁਰਖ ਅਤੇ ਪ੍ਰਮੇਸ਼ਵਰ ਦਾ ਭੌ ਕਰਨ ਵਾਲਾ ਅਰ ਯਹੂਦੀਆਂ ਦੀ ਸਾਰੀ ਕੌਮ ਵਿਚ ਨੇਕਨਾਮ ਹੈ, ਉਹ ਨੂੰ ਇਕ ਪਵਿੱਤਰ ਦੂਤ ਨੇ ਹੁਕਮ ਦਿੱਤਾ ਭਈ ਤੁਹਾਨੂੰ ਆਪਣੇ ਘਰ ਬੁਲਾਵੇ ਅਤੇ ਤੁਹਾਡੇ ਕੋਲੋਂ ਗੱਲਾਂ ਸੁਣੇ'' (10:22)। ਮੁੱਖ ਸ਼ਬਦ ''ਸੂਬੇਦਾਰ ... ਪ੍ਰਮੇਸ਼ਵਰ ਦਾ ਭੌ ਕਰਨ ਵਾਲਾ ... ਯਹੂਦੀਆਂ ਦੀ ਸਾਰੀ ਕੌਮ ਵਿਚ ਨੇਕਨਾਮ'' ਤੋਂ ਪਤਰਸ ਪ੍ਰਭਾਵਤ ਹੋਇਆ ਹੋਵੇਗਾ। ਇਨ੍ਹਾਂ ਹਰਕਾਰਿਆਂ ਨੂੰ ਭੇਜਣ ਵਾਲਾ ਆਦਮੀ ਇਕ ਗੈਰ ਕੌਮ ਸੀ! ਖ਼ੁਦਾ ਨੇ ਇਕ *ਗੈਰ ਕੌਮ* ਨੂੰ ਉਸ ਤੋਂ ਵਚਨ ਸੁਣਨ ਦੀ

ਹਦਾਇਤ ਦਿੱਤੀ ਸੀ! ਪਤਰਸ ਦੇ ਮਨ ਵਿਚ ਕੁਝ ਕੁਝ ਗੱਲਾਂ ਪਈਆਂ ਸਨ। ਦਰਸ਼ਣ ਦਾ ਮਕਸਦ ਉਹਦੇ *ਭੋਜਨ* ਨੂੰ ਬਦਲਣਾ ਓਨਾ ਨਹੀਂ ਸੀ ਜਿੰਨਾਂ ਉਹਦੀ *ਦਿਸ਼ਾ* ਨੂੰ ਬਦਲਣਾ।

ਭਲਾ ਪਤਰਸ ਨੂੰ ਦਰਸ਼ਣ ਦਾ ਪੂਰਾ ਮਤਲਬ ਸਮਝ ਆ ਗਿਆ ਸੀ? ਪਤਾ ਨਹੀਂ, ਪਰ ਅਗਲੀ ਆਇਤ ਹੈਰਾਨ ਕਰਨ ਵਾਲੀ ਹੈ: ''ਤਦ ਉਸ ਨੇ ਉਨ੍ਹਾਂ ਨੂੰ ਅੰਦਰ ਸੱਦ ਕੇ ਆਦਰ ਭਾਉ ਕੀਤਾ'' (10:23)।[51] ਇਹ ਦਿਲਚਸਪ ਗੱਲ ਹੈ ਕਿ ਪਤਰਸ ਨੇ ਉਨ੍ਹਾਂ ਨੂੰ ਅੰਦਰ ਬੁਲਾਇਆ, ਭਾਵੇਂ ਇਹ ਉਹਦਾ ਆਪਣਾ ਘਰ ਨਹੀਂ ਸੀ (ਖਟੀਕ ਨੇ ਜ਼ਰੂਰ ਕਿਹਾ ਹੋਵੇਗਾ, ''ਇਹਨੂੰ ਆਪਣਾ ਹੀ ਘਰ ਸਮਝੋ''), ਪਰ ਇਹ ਉਹਦੇ ਬੁਲਾਉਣ ਦਾ ਬੇਹੱਦ ਤਾਰੀਫ਼ ਦੇ ਯੋਗ ਭਾਗ ਨਹੀਂ ਸੀ। ਬੇਹੱਦ ਤਾਰੀਫ਼ ਦੇ ਕਾਬਲ (ਸਗੋਂ ਦੰਗ ਕਰਨ ਵਾਲਾ) ਭਾਗ ਇਹ ਹੈ ਕਿ ਇਕ *ਯਹੂਦੀ* ਨੇ *ਗੈਰ ਕੌਮ* ਲੋਕਾਂ ਨੂੰ ਭੋਜਨ ਕਰਨ[52] ਅਤੇ ਰਾਤ ਆਪਣੇ ਘਰ ਠਹਿਰਾਉਣ ਲਈ ਸੱਦਿਆ! ਇਹ ਓਨਾ ਵੱਡਾ ਕਦਮ ਤਾਂ ਨਹੀਂ ਸੀ ਜਿੰਨਾ ਕਿਸੇ ਯਹੂਦੀ ਦੇ ਗੈਰ ਕੌਮ ਦੇ ਘਰ ਜਾਣਾ; ਤਾਂ ਵੀ ਇਹ ਯਹੂਦੀਆਂ ਅਤੇ ਗੈਰ ਕੌਮਾਂ ਵਿਚਲੀਆਂ ਕੰਧਾਂ ਢਾਹੁਣ ਲਈ ਇਕ ਬਹੁਤ ਵੱਡਾ ਕਦਮ ਸੀ। ਮੁਤਅਸਬ ਦੀ ਕੰਧ ਵਿਚ ਇਕ ਵੱਡਾ ਸੁਰਾਖ ਵਿਖਾਈ ਦੇਣ ਲੱਗ ਪਿਆ ਸੀ।

ਇੱਥੇ ਇਕ ਛੋਟਾ ਜਿਹਾ ਸਵਾਲ ਖੜਾ ਹੁੰਦਾ ਹੈ ਕਿ ''ਪਤਰਸ ਇਨ੍ਹਾਂ ਲੋਕਾਂ ਨਾਲ ਕੈਸਰੀਆ ਨੂੰ ਓਸੇ ਵੇਲੇ ਕਿਉਂ ਨਹੀਂ ਤੁਰ ਪਿਆ?'' ਆਮ ਤੌਰ ਤੇ ਟੀਕਾਕਾਰ ਕਹਿੰਦੇ ਹਨ ਕਿ ''*ਦਿਨ ਢਲ ਰਿਹਾ ਸੀ,* ਜਿਸ ਕਰਕੇ ਪਤਰਸ ਨੇ ਉਨ੍ਹਾਂ ਨੂੰ ਰਾਤ ਕੱਟਣ ਲਈ ਸੱਦਿਆ।'' ਪਰ ਇਹ 1 ਵਜੇ ਦੁਪਹਿਰ ਬਾਅਦ ਤੋਂ ਵੱਧ ਸਮਾਂ ਨਹੀਂ ਹੋਵੇਗਾ, ਜਦਕਿ ਕੁਰਨੇਲਿਉਸ ਦੇ ਤਿੰਨ ਹਰਕਾਰੇ ਯਾੱਪਾ ਨੂੰ ਆਉਣ ਲਈ ਸ਼ਾਮ ਦੇ 4 ਵਜੇ ਨਿੱਕਲੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੇਰੀ ਦੇ ਕਈ ਹੋਰ ਕਾਰਣ ਵੀ ਸਨ। ਹੋ ਸਕਦਾ ਹੈ ਕਿ ਉਹ ਛੇ ਬੰਦੇ ਜਿਨ੍ਹਾਂ ਨੂੰ ਪਤਰਸ ਆਪਣੇ ਨਾਲ ਲਿਆਇਆ ਸੀ ਓਨੇ ਜਵਾਨ ਨਾ ਹੋਣ ਜਿੰਨੇ ਇਹ ਤਿੰਨ ਹਰਕਾਰੇ[53] ਅਤੇ ਉਹ ਸਾਰੀ ਰਾਤ ਚੱਲ ਨਾ ਸਕਦੇ ਹੋਣ।[54] ਇਨ੍ਹਾਂ ਤਿੰਨਾਂ ਨੂੰ ਵੀ ਵਾਪਸ ਜਾਣ ਤੋਂ ਪਹਿਲਾਂ ਅਰਾਮ ਦੀ ਲੋੜ ਸੀ। ਪਤਰਸ ਨੇ ਉਨ੍ਹਾਂ ਦੇ ਚਿਹਰੇ ਤੇ ਥਕਾਵਟ ਵੇਖ ਕੇ ਕਿਹਾ ਹੋਵੇਗਾ, ''ਅੰਦਰ ਆ ਜਾਓ। ਤੁਹਾਨੂੰ ਖਾਣਾ ਖੁਆਉਂਦੇ ਹਾਂ। ਰਾਤ ਇੱਥੇ ਹੀ ਅਰਾਮ ਕਰੋ, ਸਵੇਰੇ ਅਸੀਂ ਛੇਤੀ ਨਿੱਕਲ ਪਵਾਂਗੇ!'' ਅਤੇ ਛੇ ਯਹੂਦੀ ਮਸੀਹੀਆਂ ਨੂੰ ਤਿਆਰ ਕਰਨ ਲਈ ਵੀ ਕਾਫ਼ੀ ਸਮਾਂ ਲੱਗਾ ਹੋਵੇਗਾ ਕਿਉਂਕਿ ਉਨ੍ਹਾਂ ਦੀ ਗੱਲ ਦਾ ਯਰੂਸ਼ਲਮ ਵਿਚ ਕਾਫ਼ੀ ਪ੍ਰਭਾਵ ਪੈਣਾ ਸੀ।[55]

ਪ੍ਰਚਾਰਕ ਤਿਆਰ ਸੀ, ਪਰ ਖ਼ੁਦਾ ਨੇ ਬਾਕੀ ਯਹੂਦੀ ਮਸੀਹੀਆਂ ਨੂੰ ਤਿਆਰ ਕਰਨ ਦਾ ਕੰਮ ਅਜੇ ਕਰਨਾ ਸੀ।

## ਖ਼ੁਦਾ ਦਾ ਤੀਜਾ ਕੰਮ: ਕਲੀਸੀਆ ਨੂੰ ਤਿਆਰ ਕਰਨਾ (10:23-48; 11:12-17)

ਬਾਕੀ ਯਹੂਦੀ ਮਸੀਹੀਆਂ ਨੂੰ ਤਿਆਰ ਕਰਨ ਲਈ ''ਵੱਡਾ ਕਦਮ'' ਚੁੱਕਣ ਤੋਂ ਪਹਿਲਾਂ ਕਈ ਛੋਟੇ ਕਦਮ ਪੁੱਟਣੇ ਜ਼ਰੂਰੀ ਸਨ। ਪਹਿਲਾ, ਯਹੂਦੀ ਮਸੀਹੀਆਂ ਨੂੰ ਮਨਾਉਣਾ ਕਿ ਉਹ ਪਤਰਸ ਦੇ ਨਾਲ ਜਾਣ। ਪਰ ਗੈਰ ਕੌਮ ਹਰਕਾਰਿਆਂ ਨਾਲ ਗੈਰ ਕੌਮਾਂ ਦੇ ਇਲਾਕੇ ਵਿਚ ਜਾਣਾ ਸੌਖਾ ਨਹੀਂ ਸੀ। ਕਿਉਂਕਿ ਇਹ ਵੀ ਹੋ ਸਕਦਾ ਹੈ ਕਿ ਪਤਰਸ ਨੇ ਆਪਣਾ ਦਰਸ਼ਣ ਦੱਸ ਕੇ ਉਨ੍ਹਾਂ ਨੂੰ ਜਾਣ ਲਈ ਮਨਾ ਲਿਆ ਹੋਵੇ। ਇਹ ਵੀ ਹੋ ਸਕਦਾ ਹੈ ਕਿ ਉਹ ਉਹਦੀ ਇੱਜ਼ਤ ਕਰਦੇ ਹੋਣ ਇਸ ਲਈ ਜਦ ਉਹਨੇ ਉਨ੍ਹਾਂ ਨੂੰ ਜਾਣ ਲਈ ਕਿਹਾ ਅਤੇ ਉਹ ਉਹਦੇ ਨਾਲ ਜਾਣ ਲਈ

ਤਿਆਰ ਹੋ ਗਏ। ਉਹ ਜਿਵੇਂ ਵੀ ਤਿਆਰ ਹੋਏ ਹੋਣ, ਪਰ ਉਨ੍ਹਾਂ ਵਿੱਚੋਂ ਕੁਝ ਪਤਰਸ ਨਾਲ ਜਾਣ ਲਈ ਸਹਿਮਤ ਹੋ ਗਏ। ''ਦੂਜੇ ਦਿਨ ਉਹ ਉੱਠ ਕੇ ਉਨ੍ਹਾਂ ਦੇ ਨਾਲ ਗਿਆ *ਅਤੇ ਕਈ ਭਾਈ ਯਾੱਪਾ ਦੇ ਰਹਿਣ ਵਾਲੇ ਉਹ ਦੇ ਨਾਲ ਹੋ ਤੁਰੇ*' (10:23)। ਅਧਿਆਇ 11 ਵਿਚ ਅਸੀਂ ਪੜ੍ਹਦੇ ਹਾਂ ਕਿ ਛੇ ਭਾਈ ਪਤਰਸ ਦੇ ਨਾਲ ਗਏ (11:12)। ਵਾਪਸੀ ਤੇ ਇਹ ਲੋਕ ਸਿੱਧੇ ਹੀ ਯਾੱਪਾ ਨੂੰ ਨਹੀਂ ਗਏ, ਸਗੋਂ ਪਤਰਸ ਨਾਲ ਯਰੂਸ਼ਲਮ ਗਏ (11:12), ਇਸ ਕਰਕੇ ਹੋ ਸਕਦਾ ਹੈ ਕਿ ਜੋ ਕੁਝ ਹੋਣ ਵਾਲਾ ਸੀ ਉਹਦੇ ਬਾਰੇ ਗਵਾਹ ਬਣਾਉਣ ਲਈ ਪਤਰਸ ਨੇ ਉਨ੍ਹਾਂ ਨੂੰ ਜਾਣ ਬੁਝ ਕੇ ਚੁਣਿਆ ਹੋਵੇ।[56] ਸ਼ਰ੍ਹਾ ਦੇ ਮੁਤਾਬਕ ਕਿਸੇ ਵੀ ਗੱਲ ਨੂੰ ਸਾਬਤ ਕਰਨ ਲਈ ਦੋ ਜਾਂ ਤਿੰਨ ਗਵਾਹਾਂ ਦਾ ਹੋਣਾ ਬੇਹੱਦ ਜ਼ਰੂਰੀ ਸੀ (ਵਿਵਸਥਾਸਾਰ 17:6); ਪਤਰਸ ਨੇ ਉਸ ਤੋਂ ਦੁਗਣੇ ਤਿਗਣੇ ਲੋਕ ਆਪਣੇ ਨਾਲ ਲੈ ਲਏ।[57]

ਉੱਤਰ ਵੱਲ ਨੂੰ ਤੀਹ ਮੀਲ ਜਾਣ ਲਈ ਦਸ ਆਦਮੀ ਭਾਵ ਤਿੰਨ ਹਰਕਾਰੇ, ਪਤਰਸ ਅਤੇ ਛੇ ਯਹੂਦੀ ਮਸੀਹੀ ਸਵੇਰੇ ਹੀ ਨਿੱਕਲ ਪਏ। ਦੋ ਦਿਨਾਂ ਵਿਚ ਹੀ ਮੁਤਅਸਬ ਦੀ ਕੰਧ ਦਾ ਸੁਰਾਖ ਵੱਡਾ ਹੋ ਗਿਆ ਸੀ। ਉਸ ਸਫ਼ਰ ਤੋਂ ਪਹਿਲਾਂ ਪਤਰਸ ਅਤੇ ਉਹਦੇ ਛੇ ਸਾਥੀਆਂ ਨੇ ਸ਼ਾਇਦ ਕਦੇ ਕਿਸੇ ਗੈਰ ਕੌਮ ਆਦਮੀ ਨਾਲ ਐਨੀ ਲੰਮੀ ਗੱਲ ਨਹੀਂ ਕੀਤੀ ਸੀ। ਦੂਰੀ ਨਾਲ ਗਲਤਫ਼ਹਿਮੀ ਪੈਦਾ ਹੁੰਦੀ ਹੈ, ਜਦ ਕਿ ਮੇਲ ਨਾਲ ਹਮਦਰਦੀ। ਪਤਰਸ ਨੇ ਉਨ੍ਹਾਂ ਤੋਂ ਪੁੱਛਿਆ ਕਿ ਕੁਰਨੇਲਿਉਸ, ਉਹਦੇ ਪਰਿਵਾਰ ਅਤੇ ਯਿਸੂ ਬਾਰੇ ਉਹ ਕੀ ਜਾਣਦੇ ਸਨ। ਕੁਰਨੇਲਿਉਸ ਦੇ ਘਰ ਵਿਚ ਸੁਣਾਏ ਜਾਣ ਵਾਲੇ ਵਚਨ ਦਾ ਸਵਾਦ ਚੱਖਦਿਆਂ ਪਤਰਸ ਨੇ ਆਉਣ ਵਾਲੇ ਲੋਕਾਂ ਨੂੰ ਯਿਸੂ ਬਾਰੇ ਦੱਸਿਆ ਹੋਵੇਗਾ। ਫਿਰ ਰਾਹ ਵਿਚ ਕਿਤੇ ਪਤਰਸ ਉਹ ਸਾਰੀ ਘਟਨਾ ਦੀ ਅਹਿਮੀਅਤ ਨੂੰ ਦੱਸਦਾ ਹੋਇਆ ਡੂੰਘਿਆਈ ਵਿਚ ਚਲਿਆ ਗਿਆ ਹੋਵੇਗਾ।

ਆਇਤ 24 ਵਿਚ ਅਸੀਂ ਪੜ੍ਹਦੇ ਹਾਂ, ''ਅਗਲੇ ਭਲਕ ਉਹ ਕੈਸਰੀਆ ਵਿਚ ਪਹੁੰਚੇ।'' ਉੱਥੇ ਖ਼ੁਦਾ ਨੇ ਪਤਰਸ ਅਤੇ ਛੇ ਯਹੂਦੀ ਗਵਾਹਾਂ ਲਈ ਹੋਰ ਅਚਰਜ ਯਾਨੀ ਯਹੂਦੀਆਂ ਅਤੇ ਗੈਰ ਕੌਮਾਂ ਵਿਚਲੀਆਂ ਕੰਧਾਂ ਨੂੰ ਸਮਤਲ ਕਰਨ ਲਈ ਹੋਰ ''ਕਦਮ'' ਜੋ ਚੁੱਕਣੇ ਬਾਕੀ ਸਨ, ਰੱਖੇ ਹੋਏ ਸਨ। ਬਾਕੀ ਕਹਾਣੀ ਜਾਣਨ ਲਈ ਸਾਨੂੰ ਅਗਲੇ ਪਾਠ ਤਕ ਉਡੀਕ ਕਰਨੀ ਪਵੇਗੀ।

## ਸਾਰ

ਰਸੂਲਾਂ ਦੇ ਕੰਮ 10 ਅਧਿਆਇ ਦੇ ਪਹਿਲੇ ਭਾਗ ਦਾ ਅਧਿਐਨ ਕਰਨ ਦੇ ਬਾਅਦ, ਮੈਨੂੰ ਉਮੀਦ ਹੈ ਕਿ ਕੰਧਾਂ ਨੂੰ ਡੇਗਣ ਲਈ ਖ਼ੁਦਾ ਦੀ ਇਸ ਕਹਾਣੀ ਨੇ ਸਾਡੇ ਸਭ ਦੇ ਦਿਲਾਂ ਉੱਤੇ ਅਸਰ ਪਾਇਆ ਹੈ। ਇਹ ਆਇਤਾਂ ਸਾਡੇ ਨਾਲ ਜੋ ਯਹੂਦੀਆਂ ਵਿੱਚੋਂ ਨਹੀਂ ਹਨ, ਖ਼ਾਸ ਤੌਰ ਤੇ ਗੱਲ ਕਰਦੀਆਂ ਹਨ। ਦੂਜੀ ਸੰਸਾਰ ਜੰਗ ਦੇ ਸਮੇਂ ਮੈਂ ਛੋਟਾ ਹੀ ਸਾਂ। ਪਰ ਮੈਨੂੰ ਅਜੇ ਵੀ ਅੰਕਲ ਸੈਮ ਦੇ ਉਂਗਲੀ ਨਾਲ ਇਸ਼ਾਰਾ ਕਰਦੇ ਹੋਏ ਉਹ ਪੋਸਟਰ ਯਾਦ ਹਨ: ''ਆਈ ਵਾਂਟ *ਯੂ*।''[58] ਰਸੂਲਾਂ ਦੇ ਕੰਮ 10 ਅਧਿਆਇ ਉਹੀ ਥਾਂ ਹੈ ਜਿੱਥੇ ਖ਼ੁਦਾ ਨੇ ਸਾਡੇ ਸਭ ਵੱਲ ਜੋ ਗੈਰ ਯਹੂਦੀ ਹਾਂ, ਆਪਣੀ ਉਂਗਲ ਨਾਲ ਇਸ਼ਾਰਾ ਕਰ ਕੇ ਕਿਹਾ ਹੈ, ''ਆਈ ਵਾਂਟ *ਯੂ*'' (ਭਾਵ ਮੈਨੂੰ *ਤੇਰੀ* ਲੋੜ ਹੈ)! ਕੁਰਨੇਲਿਉਸ ਅਤੇ ਉਹਦਾ ਘਰਾਣਾ ਉਸ ਦਿਨ ਤੋਂ ਲੈ ਕੇ ਅੱਜ ਤਕ ਹਰ ਗੈਰ ਕੌਮ ਮਸੀਹੀ ਦੇ ਰੂਹਾਨੀ ਪੂਰਵਜ ਹਨ!

ਇਹ ਕਹਾਣੀ ਉਨ੍ਹਾਂ ਦੀ ਵੀ ਹੈ, ਜੋ ਕੁਰਨੇਲਿਉਸ ਵਾਂਗ ਨੇਕਨਾਮ ਹਨ ਪਰ ਗੁਆਚੇ ਹੋਏ ਹਨ। ਤੁਸੀਂ ਆਪਣੇ ਨੇਕ ਨਾਮ ਹੋਣ ਤੇ ਫ਼ਖ਼ਰ ਨਾ ਕਰੋ! ਤੁਹਾਨੂੰ ਪ੍ਰਭੂ ਅਤੇ ਉਹਦੀ ਕਿਰਪਾ ਦੀ

ਲੋੜ ਰਹੇਗੀ ਹੀ।

ਪਰ ਮੈਨੂੰ ਉਮੀਦ ਹੈ ਕਿ ਇਹ ਆਇਤ ਸਾਡੇ ਵਿੱਚੋਂ ਕਈਆਂ ਨੂੰ, ਖ਼ਾਸ ਕਰਕੇ ਉਨ੍ਹਾਂ ਦੀ ਜੋ ਮੁਤਅਸਬ ਨਾਲ ਭਰੇ ਹਨ, ਗੱਲ ਕਰਦੀ ਹੈ। ਵਿਲੀਅਮ ਹੈਜ਼ਲਿਟ ਨੇ ਮੁਤਅਸਬ ਨੂੰ ''ਅਗਿਆਨਤਾ ਦੀ ਔਲਾਦ''[59] ਕਿਹਾ ਸੀ। ਵੋਲਟੇਅਰ ਨੇ ਕਿਹਾ ਸੀ ਕਿ ਮੁਤਅਸਬ ਨੂੰ ''ਮੂਰਖ ਲੋਕ ਤਰਕ ਲਈ ਵਰਤੋਂ ਵਿਚ ਲਿਆਉਂਦੇ ਹਨ।''[60] ਯਾਕੂਬ ਨੇ ਲਿਖਿਆ ਹੈ, ''ਹੇ ਮੇਰੇ ਭਰਾਵੋ, ਸਾਡੇ ਪ੍ਰਤਾਪਵਾਨ ਪ੍ਰਭੂ ਯਿਸੂ ਮਸੀਹ ਦੀ ਨਿਹਚਾ ਨੂੰ ਕਿਸੇ ਦੇ ਪੱਖਪਾਤ ਨਾਲ ਨਾ ਰੱਖੋ'' (ਯਾਕੂਬ 2:1)। ਜੇ ਅਸੀਂ ਆਪਣੇ ਨਾਲ ਈਮਾਨਦਾਰ ਹਾਂ, ਤਾਂ ਅਸੀਂ ਇਹ ਮੰਨਾਂਗੇ ਕਿ ਸਾਡਾ ਸਭ ਦਾ ਝੁਕਾਅ ਅਤੀਤ ਵੱਲ ਹੁੰਦਾ ਹੈ। ਸਾਡੇ ਵਿੱਚੋਂ ਹਰ ਕਿਸੇ ਨੂੰ ਆਪਣੀਆਂ ਪੂਰਵ-ਧਾਰਣਾਵਾਂ ਜਾਂ ਮੁਤਅਸਬ ਦੀ ਸੂਚੀ 'ਚੋਂ ਕੱਢਣ ਅਤੇ ਉਨ੍ਹਾਂ ਦੇ ਨਾਲ ਖ਼ੁਦਾ ਦੀ ਮਦਦ ਨਾਲ ਨਿਪਟਣ ਦੀ ਲੋੜ ਹੈ!

ਖ਼ੁਦਾ ਦੇ ਵਚਨ ਵੱਲੋਂ ਸਾਡੇ ਨਾਲ ਗੱਲ ਕਰਨ ਤੇ ਸਾਨੂੰ ਉਨ੍ਹਾਂ ਬਦਲਾਵਾਂ ਦਾ ਪਤਾ ਲਗਦਾ ਹੈ ਜੋ ਕਰਨੇ ਸਾਡੇ ਲਈ ਜ਼ਰੂਰੀ ਹੁੰਦੇ ਹਨ। ਮੇਰੀ ਤੁਹਾਡੇ ਅੱਗੇ ਬੇਨਤੀ ਹੈ ਕਿ ਜੋ ਵੀ ਬਦਲਾਅ ਕਰਨੇ ਜ਼ਰੂਰੀ ਹਨ, ਉਹ ਅੱਜ ਹੀ ਕਰ ਲਓ। ਪਤਰਸ ਵਰਗੇ ਨਾ ਬਣੋ ਜਦ ਉਹਨੇ ਕਿਹਾ ਸੀ, ''ਨਾ ਪ੍ਰਭੂ ਜੀ ਐਉਂ ਨਹੀਂ ਹੋਣਾ।'' ਯਾਦ ਰੱਖੋ: ਖ਼ੁਦਾ ਦੇ ਹੁਕਮ ਲਈ ਸਹੀ ਅਤੇ ਇੱਕੋ ਇਕ ਢੁਕਵਾਂ ਜਵਾਬ ਹੈ, ''*ਹਾਂ,* ਪ੍ਰਭੂ।''

## ਵਿਜ਼ੁਅਲ-ਏਡ ਨੋਟਸ

ਯਹੂਦੀਆਂ ਅਤੇ ਗੈਰ ਕੌਮਾਂ ਦੇ ਕਲੀਸੀਆ ਵਿਚ ਨੇੜੇ ਆਉਣ ਤੇ ਜ਼ੋਰ ਦੇਣ ਲਈ ਇਕ ਅਸਾਨ ਜਿਹਾ ਸਬਕ ਹੈ। ਘੱਟੋ ਘੱਟ ਅਠਾਰਾਂ ਇੰਚ ਲੰਮਾ ਧਾਗਾ, ਇਕ ਛੱਲਾ ਅਤੇ ਕੋਈ ਦੋ ਹੋਰ ਚੀਜ਼ਾਂ ਲਓ। ਇਕ ਚੀਜ਼ ਨੂੰ ਧਾਗੇ ਦੇ ਇਕ ਸਿਰੇ ਨਾਲ ਅਤੇ ਦੂਜੀ ਨੂੰ ਦੂਜੇ ਸਿਰੇ ਨਾਲ ਬੰਨ੍ਹ ਲਓ। ਇਕ ਸਿਰੇ ਵਾਲੀ ਚੀਜ਼ ਯਹੂਦੀਆਂ ਨੂੰ ਦਰਸਾਉਂਦੀ ਹੈ: ਜਦ ਕਿ ਦੂਜੇ ਸਿਰੇ ਵਾਲੀ ਗੈਰ ਕੌਮਾਂ ਨੂੰ। ਇਹ ਦੱਸਦਿਆਂ ਕਿ ਕਿਵੇਂ ਕੰਧ ਨੇ ਉਨ੍ਹਾਂ ਵਿਚ ਵੰਡ ਪਾਈ ਸੀ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਜਿੰਨਾ ਹੋ ਸਕੇ ਇਕ ਦੂਜੇ ਤੋਂ ਦੂਰ ਲੈ ਜਾਓ। ਫਿਰ ਧਾਗੇ ਦੇ ਵਿਚਕਾਰ ਛੱਲਾ ਰੱਖ ਦਿਓ। ਇਹ ਛੱਲਾ ਯਿਸੂ ਨੂੰ ਦਰਸਾਉਂਦਾ ਹੈ। ਧਾਗਾ ਛੱਲੇ ਵਿੱਚੋਂ ਦੀ ਕੱਢੋ। ਧਿਆਨ ਦਿਓ ਕਿ ਇਹ ਚੀਜ਼ਾਂ ਜਿੰਨੀਆਂ ਛੱਲੇ ਦੇ ਨੇੜੇ ਆਉਂਦੀਆਂ ਹਨ, ਓਨੀਆਂ ਹੀ ਇਕ ਦੂਜੇ ਦੇ ਨੇੜੇ ਹੁੰਦੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਖਿੱਚਣ ਦੀ ਯਿਸੂ ਦੀ ਸ਼ਕਤੀ (ਯੂਹੰਨਾ 12:32) ਯਹੂਦੀਆਂ ਅਤੇ ਗੈਰ ਕੌਮਾਂ ਨੂੰ ਕਲੀਸੀਆ ਵਿਚ ਲੈ ਆਈ। ਆਪਣੇ ਉੱਤੇ ਲਾਗੂ ਕਰਨ ਲਈ, ਧਿਆਨ ਦਿਓ ਕਿ ਜਿੰਨਾ *ਅਸੀਂ* ਮਸੀਹ ਦੇ ਨੇੜੇ ਹੁੰਦੇ ਹਾਂ ਓਨਾ ਹੀ ਇਕ ਦੂਜੇ ਵੱਲ ਖਿੱਚੇ ਜਾਂਦੇ ਹਾਂ!

## ਸਰਮਨ ਨੋਟਸ

ਜੇਮਸ ਡੀ. ਬੇਲਸ ਨੇ ਕੁਰਨੇਲਿਉਸ ਅਤੇ ਉਹਦੇ ਸਾਥੀਆਂ ਦੀ ਮਨਬਦਲੀ ਤੇ *ਦ ਕੇਸ ਆਫ਼ ਕੁਰਨੇਲਿਉਸ* ਸਿਰਲੇਖ ਨਾਲ ਇਕ ਪੂਰੀ ਕਿਤਾਬ ਲਿਖੀ ਹੈ (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., 1964)।

ਜਿਨ੍ਹਾਂ ਦਿਨਾਂ ਵਿਚ ਮੈਂ ਪ੍ਰਚਾਰ ਕਰਨਾ ਸ਼ੁਰੂ ਕਰ ਰਿਹਾ ਸਾਂ, ਇਕ ਰਿਟਾਇਰ ਪ੍ਰਚਾਰਕ ਨੇ ਮੈਨੂੰ ਆਪਣੀਆਂ ਕੁਝ ਸਰਮਨ ਰੂਪਰੇਖਾਵਾਂ ਦਿੱਤੀਆਂ ਜਿਨ੍ਹਾਂ ਨੂੰ ਉਹ ਕਈ ਸਾਲਾਂ ਤੋਂ ਇਕੱਠਾ ਕਰ ਰਿਹਾ ਸੀ। ਉਨ੍ਹਾਂ ਵਿਚ ਇਕ ਸਿਰਲੇਖ ''ਤਿੰਨ ਹਿੱਸਿਆਂ ਵਿਚ ਮਨਬਦਲੀ'' ਹੈ ਜੋ ਕੁਰਨੇਲਿਉਸ ਦੀ ਮਨ ਬਦਲੀ ਉੱਪਰ ਹੈ। ਕਹਾਣੀ ਦੇ ਤਿੰਨ ਕੁਦਰਤੀ ਭਾਗਾਂ ਦੀ ਤੁਲਨਾ ਨਾਟਕ ਦੇ ਤਿੰਨ ਭਾਗਾਂ ਨਾਲ ਕੀਤੀ ਗਈ ਹੈ। ਹਰ ''ਦ੍ਰਿਸ਼'' ਵਿਚ ਪਹਿਲਾਂ ''ਮੰਚ-ਸੱਜਾ,'' ਫਿਰ ''ਮੁੱਖ ਪਾਤਰ'' ਅਤੇ ਅਖ਼ੀਰ ਵਿਚ ''ਐਕਸ਼ਨ'' ਤੇ ਧਿਆਨ ਦਿੱਤਾ ਗਿਆ ਹੈ। ''ਦ੍ਰਿਸ਼ ਇਕ'' ਦੇ ਬਾਅਦ, ਰੂਪਰੇਖਾ ਵਿਚ ''ਵਕਫ਼ਾ'' ਆਉਂਦਾ ਹੈ ਜਿਸ ਵਿਚ ਪਹਿਲੇ ''ਦ੍ਰਿਸ਼'' ਦੀਆਂ ਰੋਚਕ ਗੱਲਾਂ ਤੇ ਵਿਚਾਰ ਕੀਤਾ ਗਿਆ ਹੈ। ''ਦ੍ਰਿਸ਼ ਦੋ'' ਵਿਚ ਵੀ ਅਜਿਹਾ ਹੀ ਹੁੰਦਾ ਹੈ। ਜੇ ਤੁਹਾਨੂੰ ਨਾਟਕ ਪਸੰਦ ਹੋਵੇ, ਤਾਂ ਤੁਸੀਂ ਕੁਰਨੇਲਿਉਸ ਅਤੇ ਉਹਦੇ ਘਰਾਣੇ ਦੀ ਮਨਬਦਲੀ ਨੂੰ ਨਾਟਕ ਦੇ ਰੂਪ ਵਿਚ ਵੀ ਸਮਝਾ ਸਕਦੇ ਹੋ।

ਰਸੂਲਾਂ ਦੇ ਕੰਮ 2:8 ਜਾਂ 10 ਦੇ ਸਬੰਧ ਵਿਚ ਇਕ ਰੋਚਕ ਵਾਧੂ ਸਬਕ ''ਰਾਜ ਦੀਆਂ ਕੁੰਜੀਆਂ'' ਵੀ ਵਰਤਿਆ ਜਾ ਸਕਦਾ ਹੈ। ਇਸ ਪਾਠ ਵਿਚ ਦੱਸਿਆ ਗਿਆ ਹੈ ਕਿ ਮੱਤੀ 16:19 ਵਿਚ ਮਿਲੀਆਂ ਕੁੰਜੀਆਂ ਦੀ ਵਰਤੋਂ ਪਤਰਸ ਨੇ ਕਿਵੇਂ ਕੀਤੀ। ਜਾਣ ਪਛਾਣ ਦੱਸਣ ਦੇ ਬਾਅਦ, ਮੈਂ ਆਮ ਤੌਰ ਤੇ ਇਕ ਕੁੰਜੀ ਵਿਖਾਉਂਦਾ ਹਾਂ ਜਿਸ ਨਾਲ ਕਲੀਸੀਆ ਦੇ ਭਵਨ ਦੇ ਦਰਵਾਜ਼ੇ ਖੁੱਲ੍ਹਦੇ ਹਨ। ਫਿਰ ਮੈਂ ਹੋਰ ਕੁੰਜੀਆਂ ਵਿਖਾਉਂਦਾ ਹਾਂ ਜਿਨ੍ਹਾਂ ਨਾਲ ਭਵਨ ਦੇ *ਅੰਦਰਲੇ* ਦਰਵਾਜ਼ੇ ਖੁੱਲ੍ਹਦੇ ਹਨ। ਇਸੇ ਤਰ੍ਹਾਂ ਪਤਰਸ ਕੋਲ ਰਸੂਲਾਂ ਦੇ ਕੰਮ 2 ਅਧਿਆਇ ਵਿਚ ਯਹੂਦੀਆਂ ਲਈ ਅਤੇ ਰਸੂਲਾਂ ਦੇ ਕੰਮ 10 ਅਧਿਆਇ ਵਿਚ ਗੈਰ ਕੌਮਾਂ ਲਈ ਰਾਜ ਨੂੰ ਖੋਲ੍ਹਣ ਦੀਆਂ ਕੁੰਜੀਆਂ ਸਨ। ਉਹਦੇ ਕੋਲ ਹੋਰ ਕੁੰਜੀਆਂ ਵੀ ਸਨ ਜਿਨ੍ਹਾਂ ਨਾਲ ਰਾਜ ਅਰਥਾਤ ਕਲੀਸੀਆ ਦੇ ਅੰਦਰਲੇ ''ਦਰਵਾਜ਼ੇ ਖੋਲ੍ਹੇ ਗਏ।'' ਉਦਾਹਰਣ ਲਈ, ਰਸੂਲਾਂ ਦੇ ਕੰਮ 8 ਵਿਚ ਉਹਨੇ ਵਿਖਾਇਆ ਕਿ ਕਿਵੇਂ ਭਟਕੇ ਹੋਏ ਮਸੀਹੀ ਪ੍ਰਭੂ ਵੱਲ ਵਾਪਸ ਆ ਸਕਦੇ ਹਨ (ਆਇਤ 22)। ਤੁਸੀਂ ਰਸੂਲਾਂ ਦੇ ਕੰਮ ਵਿਚ ਪਤਰਸ ਦੇ ਪ੍ਰਚਾਰ ਅਤੇ 1 ਅਤੇ 2 ਪਤਰਸ ਦੇ ਲੇਖਾਂ ਵਿਚ ਜਿੰਨੇ ਨੁਕਤੇ ਬਣਾਉਣਾ ਚਾਹੋ ਬਣਾ ਸਕਦੇ ਹੋ: ਸਵਰਗ ਵਿਚ ਜਾਣ ਦੀਆਂ ''ਕੁੰਜੀਆਂ'' (2 ਪਤਰਸ 1:5-11), ਪ੍ਰੇਰਣਾ ਪਾਉਂਦੇ ਰਹਿਣ ਦੀ ''ਕੁੰਜੀ'' (2 ਪਤਰਸ 3:10-12), ਆਦਿ। ਮੈਂ ਵੱਖ ਵੱਖ ਨੁਕਤੇ ਦੱਸਣ ਲਈ ਗੱਤੇ ਦੀਆਂ ਵੱਡੀਆਂ ਵੱਡੀਆਂ ਕੁੰਜੀਆਂ ਹੀ (ਜਿਨ੍ਹਾਂ ਉੱਤੇ ਪਾਠ ਦੀਆਂ ਮੁੱਖ ਗੱਲਾਂ ਲਿਖੀਆਂ ਹੋਣ) ਵਰਤਦਾ ਹਾਂ।

---

ਟਿੱਪਣੀਅ

[1]ਅਫ਼ਸੀਆਂ 1:22, 23. [2]ਗੈਰ ਕੌਮਾਂ ਦੇ ਲੋਕ ਯਹੂਦੀ ਧਰਮ ਤਿਆਗ ਕਰਨ ਵਾਲੇ ਹੋ ਸਕਦੇ ਸਨ।[3]ਮੱਤੀ, ਮਰਕੁਸ, ਯੂਹੰਨਾ ਦੇ ਹੋਰ ਅਧਿਆਇ ਸਲੀਬ ਚੜ੍ਹਾਏ ਜਾਣ ਦੀ ਗੱਲ ਦੱਸਦੇ ਹਨ। [4]ਗੈਰ ਯਹੂਦੀਆਂ ਨੂੰ ਕਈ ਲੋਕ ''ਕੁੱਤੇ'' ਸਮਝਦੇ ਸਨ। ਯਹੂਦੀ ਲੋਕ ਬਜ਼ਾਰ ਤੋਂ ਆ ਕੇ ਖਾਣਾ ਖਾਣ ਤੋਂ ਪਹਿਲਾਂ ਆਪਣੇ ਹੱਥ ਅਤੇ ਬਾਹਵਾਂ ਕੂਹਣੀਆਂ ਤਕ ਇਕ ਡਰੋਂ ਧੋਂਦੇ ਸਨ (ਮੱਤੀ 15:2) ਕਿ ਕਿਸੇ ਗੈਰ ਕੌਮ ਜਾਂ ਗੈਰ ਕੌਮ ਨਾਲ ਸਬੰਧਿਤ ਕਿਸੇ ਚੀਜ਼ ਨੂੰ ਛੂਹ ਕੇ ਕਿਤੇ ਉਹ ਭ੍ਰਸ਼ਟ ਨਾ ਹੋ ਗਏ ਹੋਣ[5]ਰੋਮੀ ਰਾਜਪਾਲ ਯਰੂਸ਼ਲਮ ਵਿਚ ਖ਼ਾਸ ਮੌਕਿਆਂ ਤੇ ਜਾਂਦੇ ਸਨ (ਇਸ ਕਰਕੇ, ਪਿਲਾਤੁਸ ਯਿਸੂ ਦੇ ਕਤਲ ਸਮੇਂ ਪਸਾਹ ਤੇ ਯਰੂਸ਼ਲਮ ਵਿਚ ਸੀ), ਪਰ ਪੱਕੇ ਤੌਰ ਤੇ ਰਹਿੰਦੇ ਕੈਸਰੀਆ ਵਿਚ ਹੀ ਸਨ। [6]ਇਕ ਆਮ ਪਲਟਨ ਵਿਚ ਇਕ ਫ਼ੌਜੀ ਟੁਕੜੀ (ਛੇ ਹਜ਼ਾਰ ਆਦਮੀਆਂ ਦੀ) ਦਾ ਦਸਵਾਂ ਜਾਂ ਛੇ ਕੁ ਸੌ ਆਦਮੀ ਹੁੰਦੇ ਸਨ;

ਪਰ ਇਕ ਵਾਧੂ ਟੁਕੜੀ ਵਿਚ ਇਕ ਹਜ਼ਾਰ ਤੋਂ ਵੱਧ ਬੰਦੇ ਹੋ ਸਕਦੇ ਸਨ।[7]ਰੋਮੀ ਫ਼ੌਜ ਦੇ ਬਹੁਤ ਸਾਰੇ ਬਲਾਂ ਵਿਚ ਸੂਬਾਈ ਲੋਕ ਹੁੰਦੇ ਸਨ ਸੋ ਕੁਝ ਸਮੇਂ ਬਾਅਦ ਉਸ ਇਲਾਕੇ ਦੇ ਲੋਕਾਂ ਦੀ ਥਾਂ ਇਟਲੀ ਵਾਸੀਆਂ ਨੂੰ ਲਾ ਦਿੱਤਾ ਜਾਂਦਾ ਸੀ, ਪਰ ਅਹੁਦਾ ਉਹੀ ਰਹਿੰਦਾ ਸੀ।[8]''ਕੁਰਨੇਲਿਉਸ'' ਇਕ ਪ੍ਰਚੱਲਿਤ ਲਾਤੀਨੀ ਨਾਂਅ ਸੀ। ਕਈ ਸਾਲ ਪਹਿਲਾਂ ਕੁਰਨੇਲਿਉਸ ਸੁੱਲਾ ਨੇ ਦਸ ਹਜ਼ਾਰ ਲੋਕਾਂ ਨੂੰ ਅਜ਼ਾਦ ਕਰਵਾਇਆ ਸੀ, ਅਤੇ ਕਈਆਂ ਨੇ ਉਹਦੇ ਨਾਂਅ ਤੇ ਆਪਣਾ ਨਾਂਅ ਰੱਖ ਲਿਆ ਸੀ।[9]ਨਵੇਂ ਨੇਮ ਵਿਚ ਕਈ ਸੂਬੇਦਾਰਾਂ ਦਾ ਜ਼ਿਕਰ ਹੈ ਅਤੇ ਯਕੀਨਨ ਉਨ੍ਹਾਂ ਨੂੰ ਸਤਕਾਰਤ ਢੰਗ ਨਾਲ ਵਿਖਾਇਆ ਗਿਆ ਹੈ। ਸੂਬੇਦਾਰਾਂ ਨੂੰ ਰੋਮੀ ਫ਼ੌਜ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਸੀ। [10]ਵਿਦਵਾਨਾਂ ਕੋਲ ''ਪ੍ਰਮੇਸ਼ਵਰ ਦਾ ਭੌ ਕਰਨ ਵਾਲਾ'' ਲਈ ਕਈ ਤਕਨੀਕੀ ਸ਼ਬਦ ਹਨ, ਜਿਵੇਂ ''ਯਹੂਦੀ ਧਰਮ ਕਬੂਲ ਕਰਨ ਦੇ ਨੇੜੇ'' ਅਤੇ ''ਯਹੂਦੀ ਧਰਮ ਕਬੂਲ ਕਰਨ ਦੇ ਦਰਵਾਜ਼ੇ ਤੇ।'' ਅਰਥਾਵਲੀ ਵਿਚ ਵੇਖੋ ''ਪ੍ਰਮੇਸ਼ਵਰ ਦਾ ਭੌ ਕਰਨ ਵਾਲਾ।''

[11]ਇਸ ਤੱਥ ਨੂੰ ਕਿ ਉਹਦੀ ਸੁੰਨਤ ਨਹੀਂ ਹੋਈ ਸੀ, 11:3 ਵਿਚ ਰੇਖਾਂਕਤ ਕੀਤਾ ਗਿਆ ਹੈ। [12]ਰਸੂਲਾਂ ਦੇ ਕੰਮ 10:30 ਵੈਸਟਰਨ ਟੈਕਸਟ ਵਿਚ ''ਰੋਜ਼ਾ'' ਜੋੜਿਆ ਗਿਆ ਹੈ (ਵੇਖੋ KJV)। ''ਵੈਸਟਰਨ ਟੈਕਸਟ'' ਦੂਜੀ ਤੋਂ ਚੌਥੀ ਸਦੀ ਵਿਚ ਰੋਮ ਵਿਚ ਵਰਤੀ ਜਾਣ ਵਾਲੀ ਬਾਈਬਲ ਨੂੰ ਕਿਹਾ ਜਾਂਦਾ ਹੈ।[13]''ਰਸੂਲਾਂ ਦੇ ਕੰਮ, ਭਾਗ 1'' ਵਿਚ 3:1 ਤੇ ਨੋਟਸ ਵੇਖੋ।[14]ਯਹੂਦੀ ਲੋਕ ਸਮੇਂ ਦੀ ਗਣਨਾ ਸਵੇਰ ਤੋਂ ਸ਼ੁਰੂ ਕਰਦੇ ਸਨ, ਸੋ ਦਿਨ ਦਾ ਤੀਜਾ ਪਹਿਰ (ਨੌਵਾਂ ਘੰਟਾ) ਸ਼ਾਮ ਦੇ 3 ਕੁ ਵਜੇ ਹੁੰਦਾ ਸੀ। [15]''ਸਾਫ਼ ਵੇਖਿਆ'' ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਇਹ ਉਹਦਾ ਖ਼ਿਆਲ ਨਹੀਂ ਸੀ। [16]ਬਾਈਬਲ ਵਿਚ, ਕਿਸੇ ਦੇ ਅਲੌਕਿਕ ਜੀਵ ਦਾ ਸਾਹਮਣਾ ਕਰਨ ਤੇ ਇਹ ਇਕ ਆਮ ਪ੍ਰਤੀਕ੍ਰਿਆ ਹੈ। [17]ਇਸ ਸੰਦਰਭ ਵਿਚ, ''ਪ੍ਰਭੂ'' ਸ਼ਬਦ ਸਨਮਾਨ ਵਿਖਾਉਣ ਲਈ ਵਰਤਿਆ ਗਿਆ ਹੋਵੇਗਾ। [18]ਫ਼ਰਿਸ਼ਤੇ ਦੁਆਰਾ ਵਰਤੇ ਗਏ ਦੋ ਸ਼ਬਦ ਬਲੀਦਾਨ ਦੀ ਕਲਪਨਾ ਦਾ ਸੁਝਾਅ ਦਿੰਦੇ ਹਨ: (1) ਹੋਮਬਲੀ ਲਈ ਯੂਨਾਨੀ ਸ਼ਬਦ ਦਾ ਸ਼ਬਦੀ ਅਰਥ ਹੈ ''ਉੱਪਰ ਉੱਠਣਾ।'' (2) ਵੇਦੀ ਤੇ ਸਾੜੀ ਗਈ ਮੈਦੇ ਦੀ ਭੇਂਟ ਦੇ ਕੁਝ ਹਿੱਸੇ ਨੂੰ ''ਯਾਦ ਦੁਆਉਣ ਵਾਲਾ ਭਾਗ'' ਕਿਹਾ ਜਾਂਦਾ ਸੀ (ਲੇਵੀਆਂ 2:2, 9, 16; 5:12)। NIV ਵਿਚ 10:4 ਵਿਚ ਇਸ ਨੂੰ ''ਯਾਦਗੀਰੀ ਦੀ ਭੇਂਟ'' ਕਿਹਾ ਗਿਆ ਹੈ। [19]ਇਹ ਧਿਆਨ ਦਿੱਤਾ ਜਾ ਸਕਦਾ ਹੈ ਕਿ ਚੰਗਾਈ ਪਾਉਣ ਵਾਲੇ ਆਦਮੀ, ਜਿਸ ਨੇ ਇਹ ਗੱਲਾਂ ਕੀਤੀਆਂ, ਨੇ ਆਤਮਾ ਦੀ ਪ੍ਰੇਰਣਾ ਨਾਲ ਨਹੀਂ ਕਹੀਆਂ ਸਨ। ਪਰ ਇਹ ਗੱਲਾਂ ਪੁਰਾਣੇ ਨੇਮ ਦੀ ਆਮ ਸੱਚਾਈ ਤੇ ਅਧਾਰਤ ਸਨ (ਕਹਾਉਤਾਂ 28:9)। ਧਿਆਨ ਦਿਓ ਕਿ ਇਹ ਗੱਲਾਂ *ਖ਼ੁਦਾ ਦੀ ਸੰਤਾਨ* ਲਈ ਹਨ ਜੋ ਪਾਪ ਕਰਦੀ ਹੈ, ਨਾ ਕਿ ਕਲੀਸੀਆ ਦੇ ਬਾਹਰ ਦੇ ਕਿਸੇ ਪਾਪੀ ਲਈ।[20]*ਜੇ* ਕੁਰਨੇਲਿਉਸ ਨੂੰ ਦਿੱਤੇ ਫ਼ਰਿਸ਼ਤੇ ਦੇ ਦਰਸ਼ਨ ਨੂੰ ਉਹਦੀਆਂ ਦੁਆਵਾਂ ਦਾ ਸਿੱਧਾ ਜਵਾਬ ਮੰਨਿਆ ਜਾਵੇ ਤਾਂ *ਹੋ ਸਕਦੇ ਹੈ* ਕਿ ਕੁਰਨੇਲਿਉਸ ਖ਼ੁਦਾ ਦੀ ਇੱਛਾ ਜਾਣਨ ਲਈ ਹੋਰ ਮੁਕਾਸ਼ਫੇ ਦੀ ਮੰਗ ਕਰ ਰਿਹਾ ਹੋਵੇ।

[21]ਵੇਖੋ 22:16. ਜਿੱਥੇ ਪ੍ਰਚਾਰਕ ਨੇ *ਪ੍ਰਾਰਥਨਾ ਕਰ ਰਹੇ* ਇਕ ਆਦਮੀ ਨੂੰ ਕਿਹਾ, ਹੁਣ ਤੂੰ ਕਿਉਂ *ਢਿੱਲ* ਕਰਦਾ ਹੈ? ਉੱਠ ਅਤੇ ਉਹਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ।[22]''ਸੁਣ'' ਸ਼ਬਦ ਦੀ ਵਰਤੋਂ ''ਜਵਾਬ ਦੇਣ'' ਦੇ ਭਾਵ ਤੋਂ ਯਾਨੀ ਜਵਾਬ ਦੇਣ ਲਈ ਕੀਤੀ ਗਈ ਹੈ।[23]KJV ਵਿਚ ਆਇਤ 6 ਦੇ ਅਖ਼ੀਰ ਵਿਚ ਇਹ ਸ਼ਬਦ ਜੋੜੇ ਗਏ ਹਨ: ''ਉਹ ਤੈਨੂੰ ਉਹ ਗੱਲਾਂ ਦੱਸੇਗਾ ਜੋ ਤੇਰੇ ਲਈ ਜਾਣਨੀਆਂ ਜ਼ਰੂਰੀ ਹਨ।'' ਭਾਵੇਂ ਮੂਲ ਲਿਖਤ ਵਿਚ ਅਜਿਹਾ ਨਾ ਹੋਵੇ, ਪਰ ਇਨ੍ਹਾਂ ਸ਼ਬਦਾਂ ਦਾ ਦਬਾਅ 10:22 ਅਤੇ 11:14 ਵਿਚ ਮਿਲਦਾ ਹੈ।[24]ਅਨੁਵਾਦ ਹੋਏ ਸ਼ਬਦ ''ਗੱਲਾਂ,'' ''ਗੱਲਾਂ'' ਵਾਸਤੇ ਆਮ ਯੂਨਾਨੀ ਸ਼ਬਦ ਨਹੀਂ ਸਗੋਂ *rhemata* ਹੈ ਜਿਹਦਾ ਅਰਥ ਹੈ ''ਜੋ ਬੋਲਿਆ ਗਿਆ।''[25]ਮੈਂ ਮਹਿਸੂਸ ਕਰਦਾ ਹਾਂ ਕਿ ਯਿਸੂ ਦੇ ਸਲੀਬ ਤੇ ਮਰਨ ਅਤੇ ਵੱਖ-ਵੱਖ ਇਲਾਕਿਆਂ ਵਿਚ ਇੰਜੀਲ ਦਾ ਪ੍ਰਚਾਰ ਹੋਣ ਦੇ ਦਰਮਿਆਨ ਬਦਲਾਅ ਦਾ ਇਕ ਵਕਤ ਸੀ ਅਤੇ *ਮੈਨੂੰ* ਇਹ ਫ਼ੈਸਲਾ ਕਰਨ ਦਾ ਕੋਈ ਹੱਕ ਨਹੀਂ ਹੈ ਕਿ ਉਸ ਵਿਚ ਕਿਸੇ ਆਦਮੀ ਦਾ ਬਚਾਅ ਹੋਇਆ ਸੀ ਜਾਂ ਨਾਸ। ਹੱਕ ਤਾਂ ਸਿਰਫ਼ ਖ਼ੁਦਾ ਕੋਲ ਸੀ ਅਤੇ ਖ਼ੁਦਾ ਨੇ ਕਿਹਾ ਕਿ ਕੁਰਨੇਲਿਉਸ ਅਤੇ ਉਹਦੇ ਘਰਾਣੇ ਦਾ ਬਚਾਅ *ਨਹੀਂ* ਹੋਇਆ ਸੀ। [26]ਕੁਰਨੇਲਿਉਸ ਅਤੇ ਉਹਦਾ ਘਰਾਣਾ ਅਫ਼ਸੀਆਂ 2:12 ਵਿਚ ਦਿੱਤੇ ਲੋਕਾਂ ਦਾ ਨਮੂਨਾ ਹੈ।[27]ਹੋ ਸਕਦਾ ਹੈ ਕਿ ਸਿਪਾਹੀਆਂ ਨੂੰ ਦੋ ਦਾਸਾਂ ਦੀ ਰਖਵਾਲੀ ਲਈ ਭੇਜਿਆ ਗਿਆ ਹੋਵੇ। ਇਹ ਗੱਲ ਕਿ ਉਸ ਨੂੰ ''ਭਗਤ'' ਕਿਹਾ ਜਾਂਦਾ ਸੀ, ਸੰਕੇਤ ਹੈ ਕਿ ਕੁਰਨੇਲਿਉਸ ''ਪ੍ਰਮੇਸ਼ਵਰ ਦਾ ਭੌ ਕਰਨ ਵਾਲਾ'' ਸੀ ਅਤੇ ਉਹ ਉਨ੍ਹਾਂ ਸਭਨਾਂ ਨੂੰ ਪ੍ਰਭਾਵਤ ਕਰ ਰਿਹਾ ਸੀ ਜੋ ਉਹਦੇ ਆਂਢ-ਗੁਆਂਢ ਰਹਿੰਦੇ ਸਨ।[28]ਸਾਨੂੰ ਨਹੀਂ ਪਤਾ ਕਿ ਉਹ ਪੈਦਲ ਗਏ, ਘੋੜੇ ਤੇ ਗਏ ਜਾਂ ਕਿਸੇ ਹੋਰ ਸਾਧਨ ਰਾਹੀਂ।[29]ਆਮ ਤੌਰ ਤੇ ਇਹ ਘਟਨਾਵਾਂ ਪ੍ਰਚਾਰਕ ਅਤੇ ਪਾਪੀ ਨੂੰ ਮਿਲਾਉਣ ਲਈ ਵਾਪਰੀਆਂ। ਸੌਲੁਸ ਦੇ ਸਬੰਧ ਵਿਚ, ਉਸ ਨੂੰ ਇਕ ਰਸੂਲ ਹੋਣ ਦੇ ਯੋਗ ਬਣਾਉਣ ਲਈ ਯਿਸੂ ਦੇ ਦਰਸ਼ਣ ਦਾ ਪਹਿਲੂ ਜੋੜਿਆ ਗਿਆ।[30]ਵੇਖੋ 8:40 ਅਤੇ 21:8-14. 8:40 ਦੀ ਯਾਤਰਾ ਵਿਚ ਕੁਝ ਸਮਾਂ ਲੱਗਾ ਹੋਵੇਗਾ; ਕਿਉਂਕਿ 9:1-

31 ਦੀਆਂ ਘਟਨਾਵਾਂ ਘੱਟੋ ਘੱਟ ਤਿੰਨ ਸਾਲਾਂ ਦੇ ਲਗਭਗ ਵਾਪਰੀਆਂ (ਤੁਲਨਾ ਗਲਾਤੀਆਂ 1:18), ਇਸ ਲਈ ਫ਼ਿਲਿੱਪੁਸ ਯਕੀਨਨ ਹੀ ਰਸੂਲਾਂ ਦੇ ਕੰਮ 10 ਵਾਲੀਆਂ ਘਟਨਾਵਾਂ ਦੇ ਸਮੇਂ ਤਕ ਕੈਸਰੀਆ ਵਿਚ ਪਹੁੰਚ ਗਿਆ ਸੀ। ਜਦ ਫ਼ਿਲਿੱਪੁਸ ਕੈਸਰੀਆ ਵਿਚ ਪਹੁੰਚਿਆ, ਤਾਂ ਸਾਫ਼ ਹੈ ਕਿ ਉੱਥੇ ਰਹਿਣ ਲੱਗਾ ਹੋਵੇਗਾ।

[31]ਕਈ ਲੋਕਾਂ ਨੇ ਸੁਝਾਅ ਦਿੱਤਾ ਹੈ ਕਿ ਕੁਰਨੇਲਿਉਸ ਅਤੇ ਉਹਦੀ ਘਰਾਣਾ ਗੈਰ ਕੌਮਾਂ ਵਿਚ ਪਹਿਲੇ ਮਸੀਹੀ ਨਹੀਂ ਸਨ, ਪਰ ਯਰੂਸ਼ਲਮ ਦੇ ਐਨਾ ਨੇੜੇ ਸਨ ਕਿ ਉਸ ਨਾਲ ਯਰੂਸ਼ਲਮ ਦੇ ਮਸੀਹੀ ਪਰੇਸ਼ਾਨ ਹੋ ਸਕਦੇ ਸਨ। 15:7 ਵਿਚ ਪਤਰਸ ਦੇ ਸ਼ਬਦ ਫੈਸਲਾ ਕਰਨ ਲੱਗਦੇ ਹਨ ਕਿ ਖ਼ੁਦਾ ਨੇ ਗੈਰ ਕੌਮਾਂ ਵਿਚ ਸਭ ਤੋਂ ਪਹਿਲਾਂ ਪ੍ਰਚਾਰ ਕਰਨ ਲਈ *ਉਸ ਨੂੰ* ਚੁਣਿਆ। [32]ਯਹੂਦੀ ਲੋਕ ਸਮੇਂ ਨੂੰ ਸੂਰਜ ਡੁੱਬਣ ਅਤੇ ਸੂਰਜ ਚੜ੍ਹਨ ਨਾਲ ਮਾਪਣਾ ਸ਼ੁਰੂ ਕਰਦੇ ਸਨ। ਦੁਪਹਿਰ ਕੁ ਵੇਲੇ ਤੋਂ ਭਾਵ ਦੁਪਹਿਰ 12 ਵਜੇ ਹੈ। [33]ਬਹੁਤ ਸਾਰੇ ਬੱਚੇ ਪਤਰਸ ਨੂੰ ਛੱਤ ਦੀ ਢਲਾਨ ਤੋਂ ਦੁਆ ਕਰਦਿਆਂ ਵਿਖਾਉਂਦੇ ਹਨ। ਇਸ ਨਾਲ ਇਹ ਵਿਆਖਿਆ ਹੁੰਦੀ ਹੈ ਕਿ ਛੱਤ ਚੌਰਸ ਸੀ ਅਤੇ ਸੁਰੱਖਿਆ ਲਈ ਇਹਦੇ ਬਨੇਰੇ ਦੀ ਕੰਧ ਛੋਟੀ ਸੀ (ਵਿਵਸਥਾਸਾਰ 22:8)। [34]ਰਸੂਲਾਂ ਨੇ ਸ਼ੁਰੂ ਵਿਚ ਹਿੰਮਤ ਰੱਖ ਕੇ ਦੁਆ ਕੀਤੀ ਸੀ (ਤੁਲਨਾ 4:29)। [35]ਅਨੁਵਾਦ ਹੋਏ ਸ਼ਬਦ ''ਖਾਵੇ'' ਉਹ ਸ਼ਬਦ ਸੀ ਜਿਹਦੀ ਵਰਤੋਂ ਆਮ ਤੌਰ ਤੇ ਡਾਕਟਰ ਕਰਦੇ ਹੁੰਦੇ ਸਨ। ਲੂਕਾ ਦੇ ਡਾਕਟਰੀ ਪਿਛੋਕੜ ਦੀ ਇੱਥੇ ਸਾਫ਼ ਝਲਕ ਮਿਲਦੀ ਹੈ। [36]ਸਾਡੇ ਵਿੱਚੋਂ ਜ਼ਿਆਦਾਤਰ ਲੋਕ ਦੁਪਹਿਰ ਦਾ ਖਾਣਾ ਖਾਣ ਦੇ ਆਦੀ ਹਨ ਅਤੇ ਮੰਨਦੇ ਹਨ ਕਿ ਖਟੀਕ ਦੇ ਘਰ ਬਣਨ ਵਾਲਾ ਖਾਣਾ ਆਮ ਸੀ। ਕਈ ਥਾਂ ਵੱਖ ਵੱਖ ਸਮਿਆਂ ਤੇ ਖਾਣਾ ਖਾਧਾ ਜਾਂਦਾ ਹੈ, ਸੋ ਹੋ ਸਕਦਾ ਹੈ ਕਿ ਇਹ *ਸਪੈਸ਼ਲ* ਖਾਣਾ ਹੋਵੇ ਜੋ ਸਿਰਫ਼ ਪਤਰਸ ਲਈ ਵੀ ਬਣਾਇਆ ਜਾ ਰਿਹਾ ਸੀ, ਕਿਉਂਕਿ ਉਹਨੂੰ ਭੁੱਖ ਲੱਗੀ ਸੀ। [37]ਇਹਦਾ ਮਤਲਬ ''ਉੱਠ'' ਸ਼ਬਦ (ਆਇਤ 13) ਵਿਚ ਮਿਲਦਾ ਹੈ। [38]ਇਕ ਮਿਸ਼ਰਤ ਯੂਨਾਨੀ ਸ਼ਬਦ *ekstasis* ਤੋਂ ਨਿੱਕਲਿਆ ਹੈ ਜੋ ''ਬਾਹਰ'' ਅਤੇ ''ਰੱਖਣਾ'' ਨੂੰ ਮਿਲਾਉਂਦਾ ਹੈ। ਇਹਦਾ ਸ਼ਬਦੀ ਅਰਥ ਹੈ ''ਥਾਂ ਬਦਲੀ'' ਅਤੇ ਇਹ ਮਨ ਦੀ ਚੇਤਨਾ ਦੇ ਇਕ ਉੱਤੇ ਥਾਂ ਤੇ ਬਦਲਣ ਵੱਲ ਇਸ਼ਾਰਾ ਕਰਦਾ ਹੈ। [39]ਵੇਖੋ 11:6. [40]ਨਿਊ ਸੈਂਚੁਰੀ ਵਰਜ਼ਨ।

[41]ਉਤਪਤ 6:20. ਮੱਛੀਆਂ ਦਾ ਨਾਂਅ ਨਹੀਂ ਦਿੱਤਾ ਗਿਆ, ਸ਼ਾਇਦ ਇਸ ਲਈ ਕਿਉਂਕਿ ਉਨ੍ਹਾਂ ਲਈ ਪਾਣੀ ਤੋਂ ਬਾਹਰ ਰਹਿਣਾ ਸਹੀ ਨਹੀਂ ਹੋਵੇਗਾ। [42]''ਸ਼ੁੱਧ'' ਅਤੇ ''ਅਸ਼ੁੱਧ'' ਵਿਚ ਫ਼ਰਕ ਲੇਵੀਆਂ 11:1-47 ਅਤੇ ਵਿਵਸਥਾਸਾਰ 14:3-20 ਵਿਚ ਮਿਲਦੇ ਹਨ। ''ਸ਼ੁੱਧ'' ਹੋਣ ਲਈ ਚੌਖੁਰੇ ਪਸ਼ੂ ਦਾ ਖੁਰ ਪਾਟੇ ਹੋਣਾ ਅਤੇ ਜੁਗਾਲੀ ਕਰਨ ਵਾਲਾ ਹੋਣਾ ਜ਼ਰੂਰੀ ਸੀ। (ਜੁਗਾਲੀ ਕਰਨ ਵਾਲੇ ਪਸ਼ੂਆਂ ਦੇ ਕਈ ਆਮਾਸ਼ੇ ਹੁੰਦੇ ਹਨ। ਉਹ ਆਪਣੇ ਚਬਾਏ ਹੋਏ ਖਾਣੇ ਨੂੰ ਨਿਗਲ ਲੈਂਦੇ ਹਨ ਅਤੇ ਇਹ ਪਹਿਲੇ ਆਮਾਸ਼ੇ ਵਿਚ ਚਲਾ ਜਾਂਦਾ ਹੈ ਬਾਅਦ ਵਿਚ ਉਹ ਖਾਣੇ ਨੂੰ ਉਗਲੱਛ ਦਿੰਦੇ ਹਨ। ਇਸ ਨੂੰ ਚਬਾਉਣਾ ਬੰਦ ਕਰ ਦਿੰਦੇ ਹਨ ਅਤੇ ਇਹ ਦੂਜੇ ਆਮਾਸ਼ੇ ਵਿਚ ਚਲਾ ਜਾਂਦਾ ਹੈ। ਉਗਲੱਛੇ ਹੋਏ ਖਾਣੇ ਨੂੰ ਚਬਾਉਣ ਦੀ ਕ੍ਰਿਆ ਨੂੰ ''ਜੁਗਾਲੀ ਕਰਨਾ'' ਕਹਿੰਦੇ ਹਨ।) ਸ਼ੁੱਧ ਅਤੇ ਅਸ਼ੁੱਧ ''ਰੀਂਗਣ ਵਾਲੇ ਜੀਵਾਂ'' ਅਤੇ ਪੰਛੀਆਂ ਦੀ ਨਾਂਅ ਲੇਵੀਆਂ ਦੀ ਪੋਥੀ ਅਤੇ ਵਿਵਸਥਾਸਾਰ ਵਿਚ ਮਿਲਦੇ ਹਨ। [43]ਖ਼ੁਦਾ ਨੂੰ ਇੱਥੇ ਅੱਨ ਪੁਰਸ਼ ਦੇ ਰੂਪ ਵਿਚ ਵਿਖਾਇਆ ਗਿਆ ਹੈ (ਆਇਤ 15), ਇਸ ਲਈ ਇੱਥੇ ਫ਼ਰਿਸ਼ਤੇ ਦੀ ਗੱਲ ਕਰ ਰਿਹਾ ਹੋਵੇਗਾ। ਪਰ ਪਤਰਸ ਸਮਝ ਗਿਆ ਸੀ ਕਿ ਇਹ *ਖ਼ੁਦਾ* ਵੱਲੋਂ ਇਕ ਪੈਗ਼ਾਮ ਸੀ (ਆਇਤ 28)। [44]''ਕੋਸ਼ਰ'' ਸ਼ਬਦ ਸਿਰਫ਼ ਓਸੇ ਖਾਣੇ ਲਈ ਵਰਤਿਆ ਜਾਂਦਾ ਹੈ ਜਿਸ ਨੂੰ ਖਾਣ ਦੀ ਇਜਾਜ਼ਤ ਯਹੂਦੀਆਂ ਨੂੰ ਸੀ। ''ਕੋਸ਼ਰ'' ''ਜਾਇਜ਼'' ਲਈ ਇਕ ਇਬਰਾਨੀ ਸ਼ਬਦ ਤੋਂ ਲਿਆ ਗਿਆ ਯਦੀਸ਼ (ਯਹੂਦੀ ਜ਼ਬਾਨ) ਦਾ ਸ਼ਬਦ ਹੈ। [45]ਅਨੁਵਾਦ ਹੋਇਆ ਸ਼ਬਦ ''ਅਸ਼ੁੱਧ,'' ''ਅਪਵਿੱਤਰ'' ਲਈ ਆਮ ਯੂਨਾਨੀ ਸ਼ਬਦ ਨਹੀਂ ਹੈ ਸਗੋਂ ਉਹ ਸ਼ਬਦ ਹੈ ਜਿਹਦਾ ਅਰਥ ''ਆਮ'' ਹੈ (ਵੇਖੋ KJV)। [46]ਵੇਖੋ 1 ਤਿਮੋਥਿਉਸ 4:3-5. ਪਹਿਲਾਂ ਹੀ ਯਿਸੂ ਨੇ ਸ਼ੁੱਧ ਅਤੇ ਅਸ਼ੁੱਧ ਖਾਣੇ ਦੇ ਨਿਯਮਾਂ ਨੂੰ ਸਪਸ਼ਟ ਕਰਨ ਲਈ ਅਧਾਰ ਬਣਾ ਦਿੱਤਾ ਸੀ (ਮਰਕੁਸ 7:14-23), ਪਰ ਯਿਸੂ ਦੇ ਸ਼ਬਦਾਂ ਦੇ ਪੂਰਾ ਹੋਣ ਤੋਂ ਪਹਿਲਾਂ ਖ਼ੁਦਾ ਨੇ ਇਹ ਦਰਸ਼ਣ ਭੇਜਣਾ ਸੀ। ਜੇ (ਜਿਵੇਂ ਕਿ ਮੰਨਿਆ ਜਾਂਦਾ ਹੈ) ਇੰਜੀਲ ਵਿਚ ਮਰਕੁਸ ਦਾ ਵਿਰਤਾਂਤ ਪਤਰਸ ਦੇ ਪ੍ਰਚਾਰ ਦਾ ਸਾਰ ਹੈ, ਤਾਂ ਹੋ ਸਕਦਾ ਹੈ ਕਿ ਮਰਕੁਸ 7:19 ਵਿਚ ਟਿੱਪਣੀ ਪਤਰਸ ਦੀ ਹੀ ਹੋਵੇ: ''ਇਹ ਕਹਿ ਕੇ ਉਹਨੇ [ਯਿਸੂ ਨੇ] ਸਾਰੇ ਭੋਜਨ ਸ਼ੁੱਧ ਠਹਿਰਾਏ।'' [47]ਰਸੂਲਾਂ ਦੇ ਕੰਮ ਕਿਤਾਬ ਪੜ੍ਹਦਿਆਂ, ਸਾਨੂੰ ਸਮਝਣਾ ਚਾਹੀਦਾ ਹੈ ਕਿ ਖ਼ੁਦਾ ਨੇ ਆਪਣੀ ਇੱਛਾ ਇੱਕੋ ਵਾਰ ਵਿਚ ਪ੍ਰਗਟ ਨਹੀਂ ਕਰ ਦਿੱਤੀ। ਸਗੋਂ ਉਹਨੇ ਇਸ ਨੂੰ ''ਜਿਵੇਂ ਲੋੜ ਹੋਈ'' ਅਤੇ ਜਿਵੇਂ ਜਿਵੇਂ ਉਹਦੇ ਭੇਜੇ ਹੋਏ ਉਹਨੂੰ ਗ੍ਰਹਿਣ ਕਰਨ ਲਈ ਤਿਆਰ ਸਨ, ਓਸੇ ਤਰ੍ਹਾਂ ਇਸ ਨੂੰ ਪਰਗਟ ਕੀਤਾ। [48]ਹੋ ਸਕਦਾ ਹੈ ਕਿ ਇਹ ਨਵੇਂ ਨੇਮ ਦੇ ਲੋਕਾਂ ਨੂੰ ਸਿਖਾਉਣ ਦਾ ਖ਼ੁਦਾ ਦਾ ਤਰੀਕਾ ਹੋਵੇ। ਉਹ ਸਾਨੂੰ ਲੋੜੀਂਦੀ ਜਾਣਕਾਰੀ ਦਿੰਦਾ ਹੈ, ਪਰ ਉਮੀਦ ਕਰਦਾ ਹੈ ਕਿ ਜੋ ਉਹਨੇ ਸਾਨੂੰ ਦਿੱਤਾ ਹੈ, ਅਸੀਂ ਉਹਦੀ ਵਰਤੋਂ ਕਰਨ ਲਈ ਆਪਣਾ ਦਿਮਾਗ ਵਰਤੀਏ। [49]ਫ਼ਰਿਸ਼ਤੇ ਨੇ ਉਹਨੂੰ ਨੇੜੇ ਜਾਣ ਲਈ ਲੋੜੀਂਦੀ ਜਾਣਕਾਰੀ ਦੇ ਦਿੱਤੀ ਸੀ;

ਉੱਥੋਂ ਉਨ੍ਹਾਂ ਨੇ ਦਿਸ਼ਾਵਾਂ ਪੁੱਛਣੀਆਂ ਸਨ। ਖ਼ੁਦਾ ਸਾਡੇ ਲਈ ਉਹ ਨਹੀਂ ਕਰਦਾ ਜੋ ਅਸੀਂ ਆਪ ਕਰ ਸਕਦੇ ਹਾਂ। [50]ਪਤਰਸ ਹੁਣ ਦਰਸ਼ਣ ਨਹੀਂ ਵੇਖ ਰਿਹਾ ਸੀ, ਸੋ ਸੰਚਾਰ ਦਾ ਜ਼ਰੀਆ ਹੁਣ ਕੁਝ ਫ਼ਰਕ ਸੀ। ਸ਼ਾਇਦ ਇਸ ਗੱਲ ਦਾ ਕਿ ''ਇਕ ਫ਼ਰਿਸ਼ਤੇ'' ਨੇ ਕੁਰਨੇਲਿਉਸ ਨਾਲ ਗੱਲ ਕੀਤੀ ਜਦ ਕਿ ਪਤਰਸ ਨਾਲ ''ਇਕ ਅਵਾਜ਼ ਨੇ'' ਅਤੇ ਫਿਰ ''ਪਵਿੱਤਰ ਆਤਮਾ'' ਨੇ ਵਿਚ ਕੋਈ ਅਹਿਮੀਅਤ ਨਹੀਂ ਹੈ। ਇਨ੍ਹਾਂ ਸਭ ਘਟਨਾਵਾਂ ਵਿਚ, ਬੋਲ *ਖ਼ੁਦਾ* ਹੀ ਰਿਹਾ ਸੀ (10:20, 22, 28)।

[51]ਭਾਵੇਂ ਯਹੂਦੀ ਆਮ ਤੌਰ ਤੇ ਗੈਰ ਕੌਮਾਂ ਨੂੰ ਆਪਣੇ ਘਰਾਂ ਵਿਚ ਨਹੀਂ ਸੱਦਦੇ ਸਨ, ਪਰ ਬਾਈਬਲ ਦੇ ਸਮੇਂ ਵਿਚ ਮਹਿਮਾਨਨਵਾਜ਼ੀ ਆਮ ਜ਼ਿੰਦਗੀ ਦਾ ਹਿੱਸਾ ਸੀ। ਲੋਕਾਂ ਨੂੰ ਆਪਣੇ ਘਰ ਖਾਣਾ ਖਾਣ ਅਤੇ ਰਾਤ ਗੁਜ਼ਾਰਨ ਲਈ ਸੁਆਉਣਾ ਆਮ ਗੱਲ ਸੀ। [52]ਕੋਈ ਸ਼ਮਊਨ ਦੇ ਘਰ ਵਿਚ ਖਾਣਾ ਤਿਆਰ ਕਰ ਰਿਹਾ ਸੀ (10:10)। ਇਹ ਘਟਨਾ ਉਸ ਦੋਸ਼ ਨਾਲ ਸ਼ਾਮਲ ਹੋਣੀ ਸੀ ਕਿ ਪਤਰਸ ਨੇ ਗੈਰ ਕੌਮਾਂ ਨਾਲ ਖਾਣਾ ਖਾਧਾ (11:3)। [53]ਕੁਰਨੇਲਿਉਸ ਨੇ ਤਾਕਤਵਰ ਅਤੇ ਤੇਜ਼ ਦੂਤਾਂ ਨੂੰ ਚੁਣਿਆ ਹੋਵੇਗਾ। [54]ਕੁਰਨੇਲਿਉਸ ਨੇ ਚੰਗੇ ''ਚੱਲਣ ਵਾਲਿਆਂ'' ਨੂੰ ਚੁਣਿਆ ਹੋਵੇਗਾ। ਜਦ ਕਿ ਪਤਰਸ ਨੇ ਵਧੀਆ ''ਗਵਾਹਾਂ'' ਨੂੰ ਚੁਣਿਆ ਜਿਨ੍ਹਾਂ ਵਿਚ ਯਕੀਨਨ ਹੀ ਬਜ਼ੁਰਗ ਆਦਮੀ ਹੋਣਗੇ। [55]ਛੇ ਆਦਮੀ ਓਸੇ ਵੇਲੇ ਯੱਪਾ ਦੀ ਬਜਾਏ ਪਤਰਸ ਨਾਲ ਯਰੂਸ਼ਲਮ ਵਿਚ ਗਏ (ਤੁਲਨਾ 11:12)। ਉਹ ਕਾਫ਼ੀ ਸਮੇਂ ਤੋਂ ਆਪਣੇ ਘਰਾਂ ਤੋਂ ਦੂਰ ਰਹੇ ਹੋਣਗੇ, ਸੋ ਉਨ੍ਹਾਂ ਨੂੰ ਆਪਣੇ ਕਾਰੋਬਾਰਾਂ ਅਤੇ ਪਰਿਵਾਰਾਂ ਦਾ ਪ੍ਰਬੰਧ ਕਰਨਾ ਪਿਆ ਹੋਵੇਗਾ। [56]ਦੂਜੇ ਸ਼ਬਦਾਂ ਵਿਚ, ਪਤਰਸ ਨੇ ਇਸ ਸੰਭਾਵਨਾ ਦਾ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਆਪਣੇ ਕੰਮਾਂ ਲਈ ਉਹਦੀ ਅਲੋਚਨਾ ਹੋਵੇਗੀ। ਜਦ ਉਹ ਕੈਸਰੀਆ ਦੇ ਰਾਹ ਥਾਣੀ ਚੱਲਣ ਲੱਗਾ, ਤਾਂ ਉਹਨੂੰ ਇਹ ਪਤਾ ਨਹੀਂ ਹੋਵੇਗਾ ਕਿ ਕੀ ਹੋਣ ਵਾਲਾ ਹੈ, ਪਰ ਜੋ ਕੁਝ ਵੀ ਹੋਵੇ ਉਹਦੇ ਲਈ ਉਸ ਨੂੰ ਭਰੋਸੇਮੰਦ ਗਵਾਹਾਂ ਦੀ ਲੋੜ ਸੀ। [57]ਟੀਕਾਕਾਰਾਂ ਨੂੰ ਮਿਸਰੀ ਜਾਂ ਰੋਮੀ ਕਾਨੂੰਨ ਵਿਚ ਸੱਤ ਗਵਾਹਾਂ ਦੇ ਮਹੱਤਵ ਤੇ ਧਿਆਨ ਦੁਆਉਣਾ ਚੰਗਾ ਲਗਦਾ ਹੈ। ਜੇ ਇਹ ਗੱਲ ਕਿ *ਸੱਤ* ਗਵਾਹਾਂ (ਛੇ ਆਦਮੀਆਂ ਅਤੇ ਪਤਰਸ) ਦੀ ਕੋਈ ਅਹਿਮੀਅਤ ਨਹੀਂ ਸੀ, ਤਾਂ ਇਸ ਮਹੱਤਵ ਦਾ ਸਬੰਧ ਮੂਰਤੀਪੂਜਕਾਂ ਲਈ ਇਹਦੇ ਮਹੱਤਵ ਦੇ ਬਜਾਏ ਯਹੂਦੀ ਲਈ ''7'' ਅੰਕ (ਇਕ ''ਪੂਰਣ'' ਅੰਕ) ਦੇ ਮਹੱਤਵ ਤੋਂ ਸੀ। [58]ਮੈਨੂੰ ਲਗਦਾ ਹੈ ਕਿ ਇਹ ਵਿਚਾਰ ਗ੍ਰੇਟ ਬ੍ਰਿਟੇਨ ਤੋਂ ਲਿਆ ਗਿਆ ਸੀ। ਹਾਲ ਹੀ ਦੇ ਸਾਲਾਂ ਵਿਚ, ਭਰਤੀ ਵਿਚ ਵਰਤੇ ਜਾਣ ਲਈ ਅਮਰੀਕੀ ਫ਼ੌਜ ਵੱਲੋਂ ਅੰਕਲ ਸੈਮ ਦਾ ਪੋਸਟਰ ਫੇਰ ਸ਼ੁਰੂ ਕੀਤਾ ਗਿਆ ਹੈ। [59]ਹਰਬਰਟ ਵੀ. ਪ੍ਰੋਚਨੋ, *ਦ ਨਿਊ ਸਪੀਕਰ'ਜ਼ ਟਰਯਰੀ ਆਫ਼ ਵਿਟ ਐਂਡ ਵਿਜ਼ਡਮ* (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼ ਪਬਲਿਸ਼ਰਜ਼, 1958), 336. [60]ਲਿਉਨਰਡ ਲੂਈਸ ਲੇਵਿੰਸਨ, *ਵੈਬਸਟਰ'ਜ਼ ਅਨਅਫ਼ਰੇਡ ਡਿਕਸ਼ਨਰੀ* (ਨਿਊ ਯਾਰਕ: ਕੌਲਿਅਰ ਬੁਕਸ, 1967), 194.